# ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਨਿਯਮਾਵਲੀ

ਜਿਲਦ 1



ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਖੋਜ ਦਾ ਇੱਕ ਸਫ਼ਰ ਹੈ, ਜੋ ਪ੍ਰਭੂ ਦੀ ਮਹਿਮਾ ਦੇ ਵਧੇਰੇ ਗਿਆਨ ਨੂੰ ਪ੍ਰਾਪਤ ਕਰਨ, ਉਸ ਦੇ ਵੱਡੇ ਪ੍ਰੇਮ ਨੂੰ ਜਾਣਨ ਅਤੇ ਤਜਰਬਾ ਕਰਨ, ਉਸ ਦੀ ਜੀਵਨ ਬਦਲ ਦੇਣ ਵਾਲੀ ਸ਼ਕਤੀ ਵਿੱਚ ਜੀਵਨ ਬਤੀਤ ਕਰਨ, ਅਤੇ ਉਸ ਦੀ ਭਰਪੂਰੀ ਨਾਲ ਭਰਨ ਦਾ ਮੌਕਾ ਦਿੰਦਾ ਹੈ। ਇਸ ਦੇ ਨਤੀਜੇ ਵਜੋਂ ਤੁਸੀਂ ਪਰਮੇਸ਼ੁਰ ਅਤੇ ਉਸ ਦੇ ਰਾਜ ਨੂੰ ਜਾਣਨ ਅਤੇ ਉਸ ਦਾ ਤਜਰਬਾ ਕਰਨ ਵਾਸਤੇ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਹੋ ਜਾਂਦੇ ਹੋ।

ਕਾਪੀਰਾਈਟ ਅਤੇ ਰਾਇਲਟੀ ਫ੍ਰੀ 2016. ਹੋਰ ਮੁਫ਼ਤ ਸੰਸਾਧਨ ਪ੍ਰਾਪਤ ਕਰਨ ਲਈ www.jesuslovestheworld.info ’ਤੇ ਜਾਓ ਜਾਂ info@jesuslovestheworld.info ’ਤੇ ਈਮੇਲ ਲਿਖੋ।

ਯਿਸੂ ਵਿੱਚ ਪਰਗਟ ਹੋਇਆ ਪਰਮੇਸ਼ੁਰ ਦਾ ਪ੍ਰੇਮ ਉਦੋਂ ਸੰਪੂਰਨ ਹੋ ਜਾਂਦਾ ਹੈ, ਜਦੋਂ ਅਸੀਂ ਉਸ ਨੂੰ ਜਾਣ ਜਾਂਦੇ ਹਾਂ ਅਤੇ ਉਸ ਵਿੱਚ ਜੀਵਨ ਜੀਉਣ ਦਾ ਤਜਰਬਾ ਕਰ ਲੈਂਦੇ ਹਾਂ। ‘ਜੀਜ਼ਸ ਲਵਸ ਦ ਵਰਲਡ’ ਸੰਸਥਾ ਦਾ ਉਦੇਸ਼ ਪਰਮੇਸ਼ੁਰ ਦੇ ਰਾਜ ਬਾਰੇ ਪ੍ਰਚਾਰ ਕਰਨਾ, ਸਿੱਖਿਆ ਦੇਣਾ ਅਤੇ ਸਿਖਲਾਈ ਦੇਣਾ ਹੈ, ਤਾਂ ਜੋ ਜਿਹੜੇ ਲੋਕ ਤਿਆਰ ਹਨ ਉਹ ਪਰਮੇਸ਼ੁਰ ਦੀ ਸਚਿਆਈ ਵਿੱਚ ਮਜ਼ਬੂਤ ਹੋਣ, ਉਸ ਦੇ ਪ੍ਰੇਮ ਵਿੱਚ ਤਕੜੇ ਹੋਣ ਅਤੇ ਉਸ ਦੀ ਭਰਪੂਰੀ ਨਾਲ ਭਰ ਜਾਣ।

# ਵਿਸ਼ਾ-ਵਸਤੂ


ਚੰਗਾ ਕਰਨ ਲਈ ਭੇਜਿਆ.................................2

1: ਅਦ੍ਰਿਸ਼ਟ ਨੂੰ ਦੇਖਣਾ .......................................3

2: ਉਸ ਨੂੰ ਜਾਣਨ ਲਈ....................................4

3: ਆਪਣੇ ਆਪ ਨੂੰ ਵਿਅਕਤੀਗਤ ਬਣਾਉਣਾ...........7

4: ਸਮਾਂ ਹੁਣ ਹੈ .............................................10

5: ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ............13

6: ਪਿਤਾ ਦਾ ਪ੍ਰੇਮ ..........................................15

7: ਪੁੱਤਰ ਦਾ ਪ੍ਰੇਮ...........................................18

8: ਪਵਿੱਤਰ ਆਤਮਾ ਦਾ ਪ੍ਰੇਮ.............................20

9: ਮੈਂ ਜਿਵੇਂ ਹਾਂ ਉਵੇਂ ਹੀ ਕਬੂਲ ਕੀਤਾ ਗਿਆ ਹਾਂ ......22

10: ਪਛਾਣ – ਆਤਮਾ ਤੋਂ ਜੰਮੇ ..........................24

11: ਪਿਆਰਿਆਂ ਵਿੱਚ ਕਬੂਲਿਆ ਜਾਣਾ...............28

12: ਸੰਬੰਧ .................................................31

13: ਸੰਬੰਧ – ਦੂਜਿਆਂ ਨੂੰ ਉਵੇਂ ਕਬੂਲ
ਕਰਨਾ ਜਿਵੇਂ ਉਹ ਹਨ................................34

14: ਸੰਬੰਧ - ਬਰਾਬਰੀ....................................37

15: ਸੰਬੰਧ - ਚੇਲਾਪਣ ....................................40

16: ਸੰਬੰਧ – ਪਰਮੇਸ਼ੁਰ ਦਾ ਰਾਜ........................42

# ਜਾਣ-ਪਛਾਣ

*ਪਰਮੇਸ਼ੁਰ ਸਭਨਾਂ ਵਸਤਾਂ ਦਾ ਆਪਣੇ ਨਾਲ ਪੁਨਰ ਮੇਲ ਕਰਨ, ਪੁਨਰ ਸਥਾਪਨਾ ਕਰਨ, ਅਤੇ ਨਵਾਂ ਬਣਾਉਣ ਲਈ ਸਭ ਕੁਝ ਪ੍ਰੇਮ ਦੇ ਕਾਰਨ ਕਰਦਾ ਹੈ। ਉਹ ਸੰਬੰਧ ਰੱਖਣ ਵਾਲਾ, ਨੇੜੇ ਰਹਿਣ ਵਾਲਾ, ਅਤੇ ਵਿਅਕਤੀਗਤ ਪਰਮੇਸ਼ੁਰ ਹੈ।*

ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇਨ੍ਹਾਂ ਸੈਸ਼ਨਾਂ ਦਾ ਭਰਪੂਰ ਲਾਭ ਲਓ। ਇਸ ਲਈ ਮੈਂ ਤੁਹਾਨੂੰ ਹੇਠ ਲਿਖੇ ਕੰਮ ਕਰਨ ਦੀ ਬੇਨਤੀ ਕਰਦਾ ਹਾਂ:

- ਪਰਮੇਸ਼ੁਰ ਤੋਂ ਸੁਣਨ ਦੀ ਉਮੀਦ ਰੱਖੋ
- ਸਵਾਲ ਪੁੱਛੋ
- ਆਪਣੇ ਵਿਚਾਰ ਸਾਂਝੇ ਕਰੋ ਅਤੇ ਵਿਚਾਰ-ਵਟਾਂਦਰਾ ਕਰੋ
- ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ
- ਅਤੇ ਸਭ ਤੋਂ ਵਧ ਕੇ, ਇਸ ਸਫ਼ਰ ਦਾ ਅਨੰਦ ਮਾਣੋ।

## ਪਰਮੇਸ਼ੁਰ ਦੀ ਯੋਜਨਾ

ਪਰਮੇਸ਼ੁਰ ਦਾ ਮੁਕਤੀ ਦਾ ਉਦੇਸ਼, ਜਿਸ ਦੀ ਯੋਜਨਾ ਸਮੇਂ ਦੇ ਅਰੰਭ ਤੋਂ ਪਹਿਲਾਂ ਤੋਂ ਕੀਤੀ ਗਈ ਸੀ, ਇਹ ਹੈ ਕਿ ਉਹ ਸੁਰਗ ਅਤੇ ਧਰਤੀ ਵਿਚਲੀਆਂ ਸਭਨਾਂ ਵਸਤਾਂ ਨੂੰ ਇੱਕ ਦੇ ਵਿੱਚ ਅਰਥਾਤ ਮਸੀਹ ਯਿਸੂ ਦੇ ਅਧਿਕਾਰ ਅਤੇ ਹਕੂਮਤ ਦੇ ਅਧੀਨ ਇਕੱਤਰ ਕਰੇ। ਮਸੀਹ ਯਿਸੂ ਦੇ ਦੁਆਰਾ ਪਰਮੇਸ਼ੁਰ ਨੇ ਸੰਸਾਰ ਵਿੱਚ ਸੁਮੇਲ ਅਤੇ ਸ਼ਾਂਤੀ ਸਥਾਪਿਤ ਕੀਤੀ ਹੈ। ਮਸੀਹ ਦੇ ਰਾਹੀਂ ਅਸੀਂ ਪਰਮੇਸ਼ੁਰ ਦੇ ਨਾਲ ਇੱਕ ਹੋ ਗਏ ਹਾਂ।

**ਅਫ਼ਸੀਆਂ 1:9-10** *ਉਸ ਨੇ ਆਪਣੀ ਗੁਪਤ ਯੋਜਨਾ ਆਪਣੀ ਇੱਛਾ ਅਨੁਸਾਰ ਸਾਨੂੰ ਪਰਗਟ ਕੀਤੀ। ਅਤੇ ਉਸ ਨੇ ਇਹ ਯੋਜਨਾ ਮਸੀਹ ਰਾਹੀਂ ਪੂਰਨ ਕਰਨ ਦਾ ਨਿਸ਼ਚਾ ਕੀਤਾ। ਪਰਮੇਸ਼ੁਰ ਦਾ ਇਰਾਦਾ ਢੁੱਕਵੇਂ ਸਮੇਂ ਤੇ ਆਪਣੇ ਉਦੇਸ਼ ਨੂੰ ਪੂਰਾ ਕਰਨ ਦਾ ਸੀ। ਪਰਮੇਸ਼ੁਰ ਦੀ ਯੋਜਨਾ ਸਵਰਗ ਅਤੇ ਧਰਤੀ ਵਿਚਲੀਆਂ ਸਾਰੀਆਂ ਚੀਜ਼ਾਂ ਨੂੰ ਇਕੱਠਿਆਂ ਕਰਕੇ ਮਸੀਹ ਨੂੰ ਮੁਖੀ ਬਣਾ ਕੇ ਉਸ ਦੇ ਅਧੀਨ ਕਰਨ ਦੀ ਸੀ।* (ERV)

## ਚੇਲੇ ਬਣਾਉਣ ਲਈ

ਯਿਸੂ ਨੇ ਆਪਣੇ ਪੈਰੋਕਾਰਾਂ (ਚੇਲਿਆਂ) ਨੂੰ ਆਪਣਾ ਇਖਤਿਆਰ ਦਿੱਤਾ ਤਾਂ ਜੋ ਉਹ ਆਪਣੇ ਜੀਵਨ ਦੇ ਸਫ਼ਰ ਵਿੱਚ ਅਗਾਂਹ ਵਧਦਿਆਂ ਉਸ ਦੇ ਪਵਿੱਤਰ ਆਤਮਾ ਦੇ ਰਾਹੀਂ ਲੋਕਾਂ ਨੂੰ 'ਪੈਰੋਕਾਰ (ਚੇਲੇ) ਬਣਾਉਣ।'

**ਮੱਤੀ 28:18-20** *ਫ਼ਿਰ ਯਿਸੂ ਉਨ੍ਹਾਂ ਕੋਲ ਆਇਆ ਅਤੇ ਆਖਿਆ, "ਸਵਰਗ ਅਤੇ ਧਰਤੀ ਦੇ ਸਾਰੇ ਅਧਿਕਾਰ ਮੈਨੂੰ ਦਿੱਤੇ ਗਏ ਹਨ। ਇਸ ਲਈ ਜਾਓ ਅਤੇ ਸਾਰੀਆਂ ਕੌਮਾਂ ਵਿੱਚੋਂ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਉਨ੍ਹਾਂ ਨੂੰ ਇਹ ਵੀ ਸਿਖਾਓ ਕਿ ਉਹ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ। ਨਿਸ਼ਚਿਤ ਹੀ, ਦੁਨੀਆ ਦੇ ਅੰਤ ਤੀਕਰ ਮੈਂ ਹਮੇਸ਼ਾ ਤੁਹਾਡੇ ਨਾਲ ਹਾਂ।"* (ERV)

ਚੇਲੇਪਣ ਦਾ ਅਰੰਭ ਪਰਮੇਸ਼ੁਰ ਨੂੰ ਅਤੇ ਤੁਹਾਡੇ ਲਈ ਉਸ ਦੇ ਪ੍ਰੇਮ ਨੂੰ ਜਾਣਨ ਤੋਂ ਹੁੰਦਾ ਹੈ, ਅਤੇ ਇਹ ਜਾਣਨ ਤੋਂ ਹੁੰਦਾ ਹੈ ਕਿ ਉਹ ਕੌਣ ਹੈ, ਉਸ ਨੇ ਕੀ ਕੀਤਾ ਹੈ ਅਤੇ ਉਹ ਕੀ ਕਰੇਗਾ। ਉਸ ਦੀ ਹਜ਼ੂਰੀ ਵਿੱਚ ਉਸ ਦੇ ਵਚਨ ਨੂੰ ਸੁਣਦਿਆਂ ਜਾਂ ਪੜ੍ਹਦਿਆਂ, ਅਰਾਧਨਾ ਵਿੱਚ, ਪ੍ਰਾਰਥਨਾ ਵਿੱਚ ਅਤੇ ਹੋਰਨਾਂ ਵਿਸ਼ਵਾਸੀਆਂ ਦੀ ਸੰਗਤੀ ਵਿੱਚ ਸਮਾਂ ਬਿਤਾਉਣ ਨਾਲ ਤੁਹਾਨੂੰ ਪਰਮੇਸ਼ੁਰ ਨੂੰ ਜਾਣਨ ਵਿੱਚ ਮਦਦ ਮਿਲਦੀ ਹੈ।

ਜਦੋਂ ਤੁਸੀਂ ਇਸ ਚੇਲਾਪਣ ਪ੍ਰੋਗਰਾਮ ਵਿੱਚ ਆਪਣਾ ਸਫ਼ਰ ਅਰੰਭ ਕਰਦੇ ਹੋ, ਤਾਂ ਮੈਂ ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰਦਾ ਹਾਂ ਕਿ ਉਸ ਦੇ ਪਵਿੱਤਰ ਆਤਮਾ ਦੇ ਰਾਹੀਂ ਤੁਸੀਂ ਪ੍ਰਭੂ ਦੇ ਪਰਤਾਪ ਦੇ ਵਧੇਰੇ ਗਿਆਨ ਨੂੰ ਅਤੇ ਤੁਹਾਡੇ ਲਈ ਉਸ ਦੇ ਵੱਡੇ ਪ੍ਰੇਮ ਨੂੰ ਜਾਣੋ, ਅਤੇ ਪਰਮੇਸ਼ੁਰ ਦੀ ਭਰਪੂਰੀ ਦੇ ਨਾਲ ਭਰ ਜਾਓ, ਤਾਂ ਜੋ ਸਾਰਾ ਸੰਸਾਰ ਉਸ ਨੂੰ ਜਾਣ ਸਕੇ। ਆਮੀਨ।

# ਸੈਸ਼ਨ 1: ਅਦ੍ਰਿਸ਼ ਨੂੰ ਦੇਖਣਾ

*ਸਿਰਜਣਹਾਰ ਪਰਮੇਸ਼ੁਰ ਸੰਬੰਧ ਰੱਖਣ ਵਾਲਾ ਪਰਮੇਸ਼ੁਰ ਹੈ। ਉਸ ਦਾ ਵਚਨ ਵਿਅਕਤੀਗਤ ਹੈ। ਉਸ ਦੀ ਹਜ਼ੂਰੀ ਨੇੜੇ ਰਹਿਣ ਵਾਲੀ ਹੈ। ਉਸ ਦੀ ਬਣਾਈ ਸਰਿਸ਼ਟੀ ਉਸ ਦੀ ਗਵਾਹੀ ਦਿੰਦੀ ਹੈ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਵੱਲੋਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਨ ਦੀ ਉਸ ਦੀ ਇੱਛਾ ਦਾ ਐਲਾਨ ਕਰਦੇ ਹਨ।

## ਸਮੂਹਕ ਚਰਚਾ

ਚਰਚਾ ਕਰੋ ਕਿ ਪਰਮੇਸ਼ੁਰ ਕਿਹੜੇ ਵੱਖਰੇ-ਵੱਖਰੇ ਤਰੀਕਿਆਂ ਰਾਹੀਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

**ਜ਼ਬੂਰ 19:1-6, ਰੋਮੀਆਂ 1:20, ਹੋਸ਼ੇਆ 12:10** ਅਤੇ **ਉਤਪਤ 31:11** ਨੂੰ ਪੜ੍ਹੋ।

ਪਰਮੇਸ਼ੁਰ ਸਰਿਸ਼ਟੀ ਦੇ ਰਾਹੀਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ। [ਇਸ ਵਿੱਚ ਕੁਦਰਤ, ਪਰਮੇਸ਼ੁਰ ਦੇ ਨਬੀ ਅਤੇ ਪਰਮੇਸ਼ੁਰ ਦੇ ਸੁਰਗਦੂਤ ਸ਼ਾਮਲ ਹਨ।]

**ਬਿਵਸਥਾ ਸਾਰ 4:35-39, ਉਤਪਤ 15:1, 2 ਰਾਜਿਆਂ 5:1** ਅਤੇ **2 ਰਾਜਿਆਂ 5:14-15** ਅਤੇ **ਯੂਹੰਨਾ 9:1-7** ਨੂੰ ਪੜ੍ਹੋ।

ਪਰਮੇਸ਼ੁਰ ਅਚਰਜ ਕੰਮਾਂ ਦੇ ਰਾਹੀਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ। [ਇਸ ਵਿੱਚ ਚਿੰਨ੍ਹ ਅਤੇ ਚਮਤਕਾਰ, ਦਰਸ਼ਨ ਅਤੇ ਚੰਗਿਆਈ ਸ਼ਾਮਲ ਹਨ।]

**ਲੂਕਾ 24:27, ਯੂਹੰਨਾ 20:31** ਅਤੇ **ਜ਼ਬੂਰ 33:6-9** ਨੂੰ ਪੜ੍ਹੋ।

ਪਰਮੇਸ਼ੁਰ ਆਪਣੇ ਵਚਨ ਦੇ ਰਾਹੀਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ। [ਇਸ ਵਿੱਚ ਲਿਖਿਆ ਹੋਇਆ ਅਤੇ ਬੋਲਿਆ ਜਾਣ ਵਾਲਾ ਵਚਨ ਸ਼ਾਮਿਲ ਹੈ।]

**ਯੂਹੰਨਾ 1:14-18, 14:6-7** ਅਤੇ **ਇਬਰਾਨੀਆਂ 1:1-4** ਨੂੰ ਪੜ੍ਹੋ।

ਪਰਮੇਸ਼ੁਰ ਯਿਸੂ ਦੇ ਰਾਹੀਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ।

**ਯੂਹੰਨਾ 16:13-15** ਅਤੇ **1 ਯੂਹੰਨਾ 5:6** ਨੂੰ ਪੜ੍ਹੋ।

ਪਰਮੇਸ਼ੁਰ ਆਪਣੇ ਪਵਿੱਤਰ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ।

## ਗਵਾਹੀ ਦਿਓ

ਹਰੇਕ ਵਿਅਕਤੀ ਨੂੰ ਕਹੋ ਕਿ ਉਹ ਦੋ ਜਾਂ ਤਿੰਨ ਵਾਕਾਂ ਵਿੱਚ ਦੱਸੇ ਕਿ ਪਰਮੇਸ਼ੁਰ ਨੇ ਆਪਣੇ ਆਪ ਨੂੰ ਉਨ੍ਹਾਂ ’ਤੇ ਕਿਵੇਂ ਪਰਗਟ ਕੀਤਾ ਹੈ।

## ਧੰਨਵਾਦ ਦੀ ਸਮਾਪਤੀ ਪ੍ਰਾਰਥਨਾ

ਕਿਸੇ ਨੂੰ ਪਰਮੇਸ਼ੁਰ ਦਾ ਧੰਨਵਾਦ ਦੇਣ ਲਈ ਕਹੋ ਕਿ ਉਹ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਨਾ ਚਾਹੁੰਦਾ ਹੈ।

# ਸੈਸ਼ਨ 2: ਉਸ ਨੂੰ ਜਾਣਨ ਲਈ

*ਸਿਰਜਣਹਾਰ ਪਰਮੇਸ਼ੁਰ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਰੇ ਹੈ,*
*ਪਰ ਫਿਰ ਵੀ ਉਹ ਸਾਡੀ ਹੋਂਦ ਦੇ ਸਮੇਂ ਅਤੇ ਸਥਾਨ ਵਿੱਚ ਆਪਣੇ ਆਪ ਨੂੰ ਵਿਅਕਤੀਗਤ ਬਣਾਉਂਦਾ ਹੈ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਦੀ ਵਡਿਆਈ ਦਾ ਐਲਾਨ ਕਰਦੇ ਹਨ।

## ਜਾਣ-ਪਛਾਣ

ਅਸੀਂ ਪਹਿਲੇ ਸੈਸ਼ਨ ਵਿੱਚ ਸਿੱਖਿਆ ਸੀ ਕਿ ਕਿਵੇਂ ਪਰਮੇਸ਼ੁਰ ਵੱਖ-ਵੱਖ ਤਰੀਕਿਆਂ ਨਾਲ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਦਾ ਹੈ। ਜਦ ਅਸੀਂ ਬਾਈਬਲ ਨੂੰ, ਜੋ ਕਿ ਪਰਮੇਸ਼ੁਰ ਵੱਲੋਂ ਸਾਡੇ ਲਈ ਲਿਖਿਆ ਗਿਆ ਪ੍ਰੇਮ ਪੱਤਰ ਹੈ, ਪੜ੍ਹਦੇ ਅਤੇ ਇਸ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਉਸ ਬਾਰੇ ਬਹੁਤ ਕੁਝ ਸਿੱਖਦੇ ਹਾਂ। ਇੱਥੋਂ ਤਕ ਕਿ ਬਾਈਬਲ ਦੇ ਅਰੰਭਕ ਸ਼ਬਦ, *‘ਆਦਿ ਵਿੱਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪਤ ਕੀਤਾ,’* ਸਾਨੂੰ ਦਰਸਾਉਂਦੇ ਹਨ ਕਿ ਅਰੰਭ ਜਦੋਂ ਵੀ ਅਤੇ ਜਿੱਥੇ ਵੀ ਹੋਇਆ, ਪਰਮੇਸ਼ੁਰ ਉੱਥੇ ਸੀ, ਅਤੇ ਉਸੇ ਨੇ ਹੀ ਸਾਰੀ ਸਰਿਸ਼ਟੀ ਰਚੀ ਹੈ। ਪਰਮੇਸ਼ੁਰ ਨੂੰ ਵਧੇਰੇ ਜਾਣਨ ਲਈ ਅਸੀਂ ਬਾਈਬਲ ਵਿੱਚ ਦਰਜ ਤਿੰਨ ਦਰਸ਼ਨਾਂ ਦਾ ਅਧਿਐਨ ਕਰਾਂਗੇ।

## ਬਾਈਬਲ ਅਧਿਐਨ – ਪਰਮੇਸ਼ੁਰ ਦਾ ਦਰਸ਼ਨ – ਹਿਜ਼ਕੀਏਲ

ਪਰਮੇਸ਼ੁਰ ਆਪਣੇ ਆਪ ਨੂੰ ਉਸ ਵਿਅਕਤੀ ਦੀ ਜ਼ਰੂਰਤ ਦੇ ਅਨੁਸਾਰ ਪਰਗਟ ਕਰਦਾ ਹੈ, ਜਿਸ ’ਤੇ ਉਹ ਆਪਣੇ ਆਪ ਨੂੰ ਪਰਗਟ ਕਰ ਰਿਹਾ ਹੈ। ਅਸੀਂ ਹਿਜ਼ਕੀਏਲ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਦਰਸ਼ਨ ਦਾ ਅਧਿਐਨ ਕਰਾਂਗੇ।

## ਦਰਸ਼ਨ ਦਾ ਸੰਦਰਭ

ਹਿਜ਼ਕੀਏਲ ਪਰਮੇਸ਼ੁਰ ਦਾ ਨਬੀ ਅਤੇ ਜਾਜਕ ਸੀ। ਪੁਰਾਤਨ ਇਸਰਾਏਲ ਦੇ ਦੋ ਗੋਤਰਾਂ ਦੇ ਲੋਕਾਂ ਦੇ ਨਾਲ ਹਿਜ਼ਕੀਏਲ ਵੀ ਪਰਦੇਸ ਵਿੱਚ ਜਲਾਵਤਨ ਸੀ (**ਹਿਜ਼ਕੀਏਲ 1:1**)। ਉਹ ਆਪਣੇ ਅਰਾਧਨਾ ਦੇ ਅਸਥਾਨ ਯਰੂਸ਼ਲਮ ਨਗਰ ਤੋਂ ਬਹੁਤ ਦੂਰ ਸਨ। ਉਹ ਵਿਦਰੋਹੀ ਲੋਕ ਸਨ, ਜਿਹੜੇ ਹੋਰਨਾਂ ਦੇਵਤਿਆਂ ਦੀ ਪੂਜਾ ਕਰਨ ਲੱਗ ਪਏ ਸਨ। ਇਸ ਕਰਕੇ ਪਰਮੇਸ਼ੁਰ ਆਪਣੇ ਨਬੀ ਅਤੇ ਜਾਜਕ ਹਿਜ਼ਕੀਏਲ ਦੇ ਰਾਹੀਂ ਦਰਸ਼ਨ ਦੇ ਕੇ ਉਨ੍ਹਾਂ ਨੂੰ ਇੱਕ ਸੁਨੇਹਾ ਭੇਜਦਾ ਹੈ (**ਹਿਜ਼ਕੀਏਲ 1:3**)।

**ਹਿਜ਼ਕੀਏਲ 1:15-21** ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚ ਲਿਖੀਆਂ ਪੰਜ ਗੱਲਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

**ਆਇਤ** 15 ਜਾਨਵਰ

**ਆਇਤ 16-17** ਪਹੀਏ – ਇੱਕ ਥਾਂ ਤੋਂ ਦੂਜੀ ਥਾਂ ਜਾ ਰਹੇ ਸਨ।

**ਆਇਤ 18** ਅੱਖਾਂ

**ਆਇਤ 19** ਜ਼ਮੀਨ – ਪਹੀਏ ਜ਼ਮੀਨ ਤੋਂ ਹਵਾ ਵਿੱਚ ਉੱਚੇ ਜਾਂਦੇ ਸਨ।

**ਆਇਤ 21** ਆਤਮਾ

ਮੂਲ ਪਾਠ ਦਾ ਗਲਤ ਅਰਥ ਕੱਢਣ ਤੋਂ ਬਚਣ ਲਈ ਹੇਠ ਲਿਖੇ ਸਵਾਲ ਪੁੱਛੋ:

ਇਨ੍ਹਾਂ ਆਇਤਾਂ ਵਿੱਚ ਮੁੱਖ ਪਾਤਰ **ਕੌਣ** ਹਨ? **ਹਿਜ਼ਕੀਏਲ 1:1-3** ਨੂੰ ਪੜ੍ਹੋ।

ਹਿਜ਼ਕੀਏਲ, ਪਰਮੇਸ਼ੁਰ, ਜਲਾਵਤਨ ਲੋਕ (ਪੁਰਾਤਨ ਇਸਰਾਏਲ ਦੇ ਦੋ ਗੋਤਰਾਂ ਦੇ ਲੋਕ), ਕਸਦੀ ਲੋਕ।

**ਕੌਣ** ਬੋਲ ਰਿਹਾ ਹੈ?

'ਮੈਂ' ਹਿਜ਼ਕੀਏਲ।

ਹਿਜ਼ਕੀਏਲ **ਕਿਸ** ਦੇ ਨਾਲ ਬੋਲ ਰਿਹਾ ਹੈ? **ਹਿਜ਼ਕੀਏਲ 1:28-2:5** ਨੂੰ ਪੜ੍ਹੋ।

ਪੁਰਾਤਨ ਇਸਰਾਏਲ ਦੇ ਦੋ ਗੋਤਰਾਂ ਦੇ ਲੋਕਾਂ ਨਾਲ।

ਇਹ ਪਾਤਰ ਇੱਕ ਦੂਜੇ ਨਾਲ **ਕਿਵੇਂ** ਗੱਲਬਾਤ ਕਰਦੇ ਹਨ?

ਪਰਮੇਸ਼ੁਰ ਆਪਣੇ ਆਪ ਨੂੰ ਇੱਕ ਦਰਸ਼ਨ ਵਿੱਚ ਪਰਗਟ ਕਰਦਾ ਹੈ ਅਤੇ ਹਿਜ਼ਕੀਏਲ ਨਾਲ ਗੱਲ ਕਰਦਾ ਹੈ। ਹਿਜ਼ਕੀਏਲ ਵੇਖਦਾ ਅਤੇ ਸੁਣਦਾ ਹੈ।

ਇਹ ਸਭ **ਕਿੱਥੇ** ਹੋਇਆ?

ਕਸਦੀਆਂ ਦੇ ਦੇਸ ਵਿੱਚ ਨਦੀ ਦੇ ਕੰਢੇ 'ਤੇ।

ਇਹ ਸਭ **ਕਦੋਂ** ਹੋਇਆ? ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ, ਸਲੀਬ ਉੱਤੇ ਮਰਨ ਤੋਂ, ਮ੍ਰਿਤਕਾਂ ਵਿੱਚੋਂ ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਪਹਿਲਾਂ ਜਾਂ ਬਾਅਦ ਵਿੱਚ?

ਜਦੋਂ ਇਸਰਾਏਲੀ ਕਸਦੀਆਂ ਦੇ ਦੇਸ ਵਿੱਚ ਜਲਾਵਤਨ ਸਨ। ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ ਪਹਿਲਾਂ।

ਚੱਲਦੇ ਹੋਏ ਪਹੀਏ **ਕੀ** ਦਰਸਾਉਂਦੇ ਹਨ?

ਪੂਰਬੀ ਸਭਿਆਚਾਰ ਦੇ ਅਨੁਸਾਰ ਪਹੀਆ ਜੀਵਨ ਦੇ ਚੱਕਰ ਨੂੰ ਦਰਸਾਉਂਦਾ ਹੈ, ਜਿੱਥੇ ਸਮੇਂ ਦਾ ਨਾ ਕੋਈ ਅਰੰਭ ਹੈ ਅਤੇ ਨਾ ਕੋਈ ਅੰਤ।

ਚੱਲਦੇ ਹੋਏ ਪਹੀਏ ਪਰਮੇਸ਼ੁਰ ਬਾਰੇ **ਕੀ** ਦਰਸਾਉਂਦੇ ਹਨ?

ਪਰਮੇਸ਼ੁਰ ਹਰ ਥਾਂ 'ਤੇ ਹਾਜ਼ਰ ਹੈ। ਉਹ ਯਰੂਸ਼ਲਮ ਦੀ ਹੈਕਲ, ਜਾਂ ਕਿਸੇ ਇੱਕ ਦੇਸ ਜਾਂ ਪਰਦੇਸ ਤੱਕ ਹੀ ਸੀਮਤ ਨਹੀਂ ਹੈ। ਉਸ ਦਾ ਨਾ ਕੋਈ ਅਰੰਭ ਅਤੇ ਨਾ ਕੋਈ ਅੰਤ ਹੈ। ਪਰਮੇਸ਼ੁਰ ਸਦੀਪਕ ਹੈ। ਉਹ ਅਜਿਹਾ ਪਰਮੇਸ਼ੁਰ ਹੈ ਜਿਹੜਾ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਰੇ ਹੈ।

ਅੱਖਾਂ ਪਰਮੇਸ਼ੁਰ ਬਾਰੇ **ਕੀ** ਦਰਸਾਉਂਦੀਆਂ ਹਨ? **ਹਿਜ਼ਕੀਏਲ 8:12** ਨੂੰ ਪੜ੍ਹੋ।

ਪਰਮੇਸ਼ੁਰ ਸਭ ਕੁਝ ਵੇਖਦਾ ਹੈ, ਇੱਥੋਂ ਤੱਕ ਕਿ ਉਨ੍ਹਾਂ ਦਾ ਵਿਦਰੋਹ, ਉਨ੍ਹਾਂ ਦੀਆਂ ਕਮਜ਼ੋਰੀਆਂ, ਉਨ੍ਹਾਂ ਦੀਆਂ ਸਰੀਰਕ ਲਾਲਸਾਵਾਂ, ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਹੋਰਨਾਂ ਦੇਵਤਿਆਂ ਦੀ ਪੂਜਾ ਵੀ, ਫਿਰ ਭਾਵੇਂ ਉਹ ਇਹ ਸਭ ਲੁਕ-ਛਿਪ ਕੇ ਹੀ ਕਿਉਂ ਨਾ ਕਰ ਰਹੇ ਹੋਣ। ਪਰ ਫਿਰ ਵੀ ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਲੋਕ ਅਜਿਹੇ ਬੰਧਨ ਤੋਂ ਮੁਕਤ ਹੋ ਜਾਣ।

ਇਹ ਆਇਤਾਂ **ਕਿਉਂ** ਲਿਖੀਆਂ ਗਈਆਂ ਸਨ? **ਹਿਜ਼ਕੀਏਲ 11:16-25** ਨੂੰ ਪੜ੍ਹੋ।

ਪਰਮੇਸ਼ੁਰ ਨੇ ਆਪਣੇ ਆਪ ਨੂੰ ਸਾਰੀ ਧਰਤੀ ਦੇ ਪਰਮੇਸ਼ੁਰ ਵਜੋਂ ਪੇਸ਼ ਕਰਕੇ, ਜੋ ਸਭ ਕੁਝ ਜਾਣਦਾ ਹੈ, ਸਭ ਕੁਝ ਵੇਖਦਾ ਹੈ, ਅਤੇ ਸਰਬਸ਼ਕਤੀਮਾਨ ਹੈ, ਹਿਜ਼ਕੀਏਲ ਨੂੰ ਹੌਂਸਲਾ ਦਿੱਤਾ। ਇੱਥੋਂ ਤੱਕ ਕੇ ਪਰਦੇਸ ਵਿੱਚ ਵੀ ਪਰਮੇਸ਼ੁਰ ਹਿਜ਼ਕੀਏਲ ਅਤੇ ਉਸ ਦੇ ਲੋਕਾਂ ਦੇ ਨਾਲ ਹੈ। ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੀਆਂ ਸਰੀਰਕ ਲਾਲਸਾਵਾਂ ਅਤੇ ਹੋਰਨਾਂ ਦੇਵਤਿਆਂ ਦੀ ਪੂਜਾ ਤੋਂ ਮੁਕਤ ਕਰਵਾਉਣਾ ਚਾਹੁੰਦਾ ਹੈ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ ਕੱਲ੍ਹ, ਅੱਜ ਅਤੇ ਹਮੇਸ਼ਾ ਇੱਕੋ ਜਿਹਾ ਹੈ। ਪਰਮੇਸ਼ੁਰ ਹਰ ਥਾਂ ਹਾਜ਼ਰ ਹੈ, ਸਭ ਕੁਝ ਜਾਣਦਾ ਅਤੇ ਸਭ ਕੁਝ ਵੇਖਦਾ ਹੈ। ਅੱਜ ਵੀ ਉਹ ਲੋਕਾਂ ਨੂੰ ਉਨ੍ਹਾਂ ਦੀਆਂ ਸਰੀਰਕ ਲਾਲਸਾਵਾਂ ਅਤੇ ਹੋਰਨਾਂ ਦੇਵਤਿਆਂ ਦੀ ਪੂਜਾ ਤੋਂ ਮੁਕਤ ਕਰਵਾਉਣਾ ਚਾਹੁੰਦਾ ਹੈ।

ਅੱਜ ਇਸ ਦਾ ਸਾਡੇ ਲਈ **ਕੀ** ਮਹੱਤਵ ਹੈ? ਆਪਣੇ ਸਮੂਹ ਵਿੱਚ ਚਰਚਾ ਕਰੋ।

ਇਹ ਜਾਣ ਕੇ ਕਿ ਪਰਮੇਸ਼ੁਰ ਹਰ ਥਾਂ ਹਾਜ਼ਰ ਹੈ, ਸਭ ਕੁਝ ਜਾਣਦਾ ਅਤੇ ਸਭ ਕੁਝ ਵੇਖਦਾ ਹੈ, ਅਸੀਂ ਇਹ ਜਾਣਦੇ ਹਾਂ ਕਿ ਭਾਵੇਂ ਅਸੀਂ ਕਿਤੇ ਵੀ ਹੋਈਏ, ਭਾਵੇਂ ਸਾਡੀਆਂ ਕਮਜ਼ੋਰੀਆਂ ਕਿਹੋ ਜਿਹੀਆਂ ਵੀ ਹੋਣ, ਭਾਵੇਂ ਸਾਡੇ ਹਾਲਾਤ ਕਿਹੋ ਜਿਹੇ ਵੀ ਹੋਣ, ਪਰਮੇਸ਼ੁਰ ਸਾਡੇ ਨਾਲ ਰਹਿੰਦਾ ਹੈ। ਉਹ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਨਾ ਚਾਹੁੰਦਾ ਹੈ, ਸਾਨੂੰ ਅਜ਼ਾਦ ਕਰਨਾ ਚਾਹੁੰਦਾ ਹੈ ਅਤੇ ਸਾਡੀ ਦੇਖਭਾਲ ਕਰਨਾ ਚਾਹੁੰਦਾ ਹੈ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਰਮੇਸ਼ੁਰ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਰੇ ਹੈ। ਉਸ ਦੇ ਲੋਕ ਭਾਵੇਂ ਕਿਤੇ ਵੀ ਹੋਣ ਅਤੇ ਕਿਸੇ ਵੀ ਹਾਲਾਤ ਵਿੱਚ ਹੋਣ, ਉਹ ਉਨ੍ਹਾਂ ਦੇ ਨਾਲ ਰਹਿੰਦਾ ਹੈ। ਉਹ ਆਪਣੇ ਆਪ ਨੂੰ ਹਿਜ਼ਕੀਏਲ ਅਤੇ ਆਪਣੇ ਲੋਕਾਂ ’ਤੇ ਪਰਗਟ ਕਰਕੇ ਉਨ੍ਹਾਂ ਨੂੰ ਤਸੱਲੀ ਦਿੰਦਾ ਹੈ ਕਿ ਪਰਦੇਸ ਵਿੱਚ ਵੀ ਉਹ ਉਨ੍ਹਾਂ ਦੇ ਨਾਲ ਹੈ।

ਪਰਮੇਸ਼ੁਰ ਕਿਸੇ ਵੀ ਹਾਲਾਤ ਦੇ ਕਾਰਨ ਸੀਮਤ ਨਹੀਂ ਹੈ। ਉਹ ਹਮੇਸ਼ਾ ਸਾਡੇ ਨਾਲ ਰਹਿਣ, ਸਾਡੇ ਨਾਲ ਸੰਬੰਧ ਰੱਖਣ, ਸਾਡੇ ਉੱਤੇ ਆਪਣੀ ਨਜ਼ਰ ਰੱਖਣ ਅਤੇ ਸਾਡੀ ਦੇਖਭਾਲ ਕਰਨ ਵਿੱਚ ਦਿਲਚਸਪੀ ਰੱਖਦਾ ਹੈ। ਉਹ ਸਭ ਕੁਝ ਜਾਣਦਾ ਹੈ ਅਤੇ ਸਭਨਾਂ ਨੂੰ ਪ੍ਰੇਮ ਕਰਦਾ ਹੈ, ਇੱਥੋਂ ਤਕ ਕਿ ਉਨ੍ਹਾਂ ਨੂੰ ਵੀ ਜੋ ਉਸ ਨੂੰ ਰੱਦ ਦੇਣਗੇ। ਯਿਸੂ ਨੇ ਸਭਨਾਂ ਲਈ ਆਪਣੀ ਜਾਨ ਦਿੱਤੀ, ਇਹ ਜਾਣਦੇ ਹੋਏ ਵੀ ਕਿ ਅਜਿਹੇ ਲੋਕ ਵੀ ਹੋਣਗੇ ਜਿਹੜੇ ਕਦੇ ਵੀ ਉਸ ਦਾ ਅਨੁਸਰਣ ਨਹੀਂ ਕਰਨਗੇ। ਉਸ ਦਾ ਪ੍ਰੇਮ ਕਿੰਨਾ ਵੱਡਾ ਹੈ!

ਤੁਹਾਡਾ ਵਿਅਕਤੀਗਤ, ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

## ਧੰਨਵਾਦ ਦੀ ਸਮਾਪਤੀ ਪ੍ਰਾਰਥਨਾ

ਕਿਸੇ ਨੂੰ ਪਰਮੇਸ਼ੁਰ ਦਾ ਧੰਨਵਾਦ ਦੇਣ ਲਈ ਕਹੋ ਕਿ ਉਹ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਨਾ ਚਾਹੁੰਦਾ ਹੈ।

# ਸੈਸ਼ਨ 3: ਆਪਣੇ ਆਪ ਨੂੰ ਵਿਅਕਤੀਗਤ ਬਣਾਉਣਾ

*ਪਰਮੇਸ਼ੁਰ ਸੰਬੰਧ ਰੱਖਣ ਵਾਲਾ ਪਰਮੇਸ਼ੁਰ ਹੈ। ਉਸ ਦੀ ਗੱਲਬਾਤ ਵਿਅਕਤੀਗਤ ਹੈ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਪਰਮੇਸ਼ੁਰ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਨਾ ਚਾਹੁੰਦਾ ਹੈ ਅਤੇ ਸਾਡੀ ਜ਼ਰੂਰਤ ਦੇ ਅਨੁਸਾਰ ਸਾਡੇ ਕੋਲ ਆਉਂਦਾ ਹੈ।

## ਬਾਈਬਲ ਅਧਿਐਨ – ਪਰਮੇਸ਼ੁਰ ਦਾ ਦਰਸ਼ਨ – ਯਾਕੂਬ

ਅਸੀਂ ਸਿੱਖਿਆ ਹੈ ਕਿ ਪਰਮੇਸ਼ੁਰ ਆਪਣੇ ਆਪ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਪਰਗਟ ਕਰਦਾ ਹੈ। ਪਰਮੇਸ਼ੁਰ ਆਪਣੇ ਆਪ ਨੂੰ ਉਸ ਵਿਅਕਤੀ ਦੀ ਜ਼ਰੂਰਤ ਦੇ ਅਨੁਸਾਰ ਪਰਗਟ ਕਰਦਾ ਹੈ, ਜਿਸ ’ਤੇ ਉਹ ਆਪਣੇ ਆਪ ਨੂੰ ਪਰਗਟ ਕਰ ਰਿਹਾ ਹੈ। ਅਸੀਂ ਯਾਕੂਬ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਦਰਸ਼ਨ ਦਾ ਅਧਿਐਨ ਕਰਾਂਗੇ।

## ਦਰਸ਼ਨ ਦਾ ਸੰਦਰਭ

ਯਾਕੂਬ ਇਸਹਾਕ ਅਤੇ ਰਿਬਕਾਹ ਦਾ ਪੁੱਤਰ ਸੀ ਅਤੇ ਪੁਰਾਤਨ ਇਸਰਾਏਲ ਦੇ ਬਾਰਾਂ ਗੋਤਰਾਂ ਦਾ ਪੁਰਖਾ ਸੀ। ਇਸਹਾਕ ਅਬਰਾਹਾਮ ਅਤੇ ਸਾਰਾਹ ਦਾ ਪੁੱਤਰ ਸੀ। ਅਬਰਾਹਾਮ ਅਤੇ ਇਸਹਾਕ ਦੋਹਾਂ ਨੂੰ ਹੀ ਪਰਮੇਸ਼ੁਰ ਕੋਲੋਂ ਵਿਅਕਤੀਗਤ ਵਾਇਦੇ ਮਿਲੇ ਸਨ। ਯਾਕੂਬ ਨੇ ਚਤਰਾਈ ਨਾਲ ਆਪਣੇ ਵੱਡੇ ਭਰਾ ਤੋਂ ਉਸ ਦੇ ਜੇਠੇ ਪੁੱਤਰ ਹੋਣ ਦਾ ਇਖਤਿਆਰ ਖੋਹ ਲਿਆ ਸੀ। ਇਸ ਤੋਂ ਬਾਅਦ ਯਾਕੂਬ ਦੀ ਮਾਂ ਰਿਬਕਾਹ ਨੇ ਯਾਕੂਬ ਨੂੰ ਕਿਹਾ ਕਿ ਉਹ ਆਪਣੇ ਭਰਾ ਦੇ ਕ੍ਰੋਧ ਤੋਂ ਬਚਣ ਲਈ ਕਿਤੇ ਚਲਿਆ ਜਾਵੇ। ਉਸੇ ਵੇਲੇ ਯਾਕੂਬ ਦੇ ਪਿਤਾ ਇਸਹਾਕ ਨੇ ਉਸ ਨੂੰ ਵਿਆਹ ਕਰਨ ਲਈ ਰਿਬਕਾਹ ਦੇ ਪੇਕਿਆਂ ਵਿੱਚ ਭੇਜ ਦਿੱਤਾ। ਇਸ ਯਾਤਰਾ ਦੇ ਦੌਰਾਨ ਉਸ ਦੀ ਮੁਲਾਕਾਤ ਪਰਮੇਸ਼ੁਰ ਦੇ ਨਾਲ ਹੁੰਦੀ ਹੈ।

**ਉਤਪਤ 28:10-22** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਬਾਰੇ ਤੁਹਾਡੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਮੂਲ ਪਾਠ ਦਾ ਗਲਤ ਅਰਥ ਕੱਢਣ ਤੋਂ ਬਚਣ ਲਈ ਹੇਠ ਲਿਖੇ ਸਵਾਲ ਪੁੱਛੋ:

ਇਨ੍ਹਾਂ ਆਇਤਾਂ ਵਿੱਚ ਮੁੱਖ ਪਾਤਰ **ਕੌਣ** ਹਨ?

ਪਰਮੇਸ਼ੁਰ, ਯਾਕੂਬ ਅਤੇ ਪਰਮੇਸ਼ੁਰ ਦੇ ਸੁਰਗਦੂਤ।

**ਕੌਣ** ਬੋਲ ਰਿਹਾ ਹੈ?

ਪਰਮੇਸ਼ੁਰ।

ਪਰਮੇਸ਼ੁਰ **ਕਿਸ** ਦੇ ਨਾਲ ਗੱਲ ਕਰ ਰਿਹਾ ਹੈ?

ਯਾਕੂਬ ਨਾਲ।

ਇਹ ਪਾਤਰ ਇੱਕ ਦੂਜੇ ਨਾਲ **ਕਿਵੇਂ** ਗੱਲਬਾਤ ਕਰਦੇ ਹਨ?

ਪਰਮੇਸ਼ੁਰ ਇੱਕ ਦਰਸ਼ਨ ਦੇ ਰਾਹੀਂ ਆਪਣੇ ਆਪ ਨੂੰ ਪਰਗਟ ਕਰਦਾ ਹੈ ਅਤੇ ਯਾਕੂਬ ਨਾਲ ਗੱਲ ਕਰਦਾ ਹੈ। ਯਾਕੂਬ ਵੇਖਦਾ ਅਤੇ ਸੁਣਦਾ ਹੈ।

ਪਰਮੇਸ਼ੁਰ ਯਾਕੂਬ ਨੂੰ ਆਪਣੀ ਪਛਾਣ **ਕਿਵੇਂ** ਦਿੰਦਾ ਹੈ? **ਆਇਤ 13** ਨੂੰ ਪੜ੍ਹੋ।

*'ਮੈਂ ਤੇਰੇ ਦਾਦੇ, ਅਬਰਾਹਾਮ ਦਾ ਯਹੋਵਾਹ ਪਰਮੇਸ਼ੁਰ ਹਾਂ। ਮੈਂ ਇਸਹਾਕ ਦਾ ਪਰਮੇਸ਼ੁਰ ਹਾਂ।'* (ERV)

ਪਰਮੇਸ਼ੁਰ ਨੇ ਜਿਸ ਤਰ੍ਹਾਂ ਆਪਣੀ ਪਛਾਣ ਦਿੱਤੀ ਹੈ, ਉਹ ਯਾਕੂਬ ਦੇ ਨਾਲ ਉਸ ਦੇ ਰਿਸ਼ਤੇ ਬਾਰੇ **ਕੀ** ਦੱਸਦਾ ਹੈ?

ਯਾਕੂਬ ਦਾ ਪਰਮੇਸ਼ੁਰ ਦੇ ਨਾਲ ਕੋਈ ਵਿਅਕਤੀਗਤ ਸੰਬੰਧ ਨਹੀਂ ਸੀ। ਯਾਕੂਬ ਆਪਣੇ ਪਿਤਾ ਦੇ ਪਰਮੇਸ਼ੁਰ ਬਾਰੇ ਜਾਣਦਾ ਤਾਂ ਸੀ, ਪਰ ਪਰਮੇਸ਼ੁਰ ਦੇ ਨਾਲ ਉਸ ਦਾ ਆਪਣਾ ਕੋਈ ਤਜ਼ਰਬਾ ਨਹੀਂ ਹੋਇਆ ਸੀ।

**ਆਇਤ 15** ਵਿੱਚ ਪਰਮੇਸ਼ੁਰ ਨੇ ਯਾਕੂਬ ਨਾਲ **ਕੀ** ਵਾਇਦਾ ਕੀਤਾ?

ਪਰਮੇਸ਼ੁਰ ਨੇ ਵਾਇਦਾ ਕੀਤਾ ਕਿ ਉਹ ਯਾਕੂਬ ਦੇ ਨਾਲ ਹੈ, ਯਾਕੂਬ ਜਿੱਥੇ ਕਿਤੇ ਜਾਵੇਗਾ ਪਰਮੇਸ਼ੁਰ ਉਸ ਦੇ ਨਾਲ ਰਹੇਗਾ, ਅਤੇ ਉਹ ਯਾਕੂਬ ਨੂੰ ਇਸ ਦੇਸ ਵਿੱਚ ਵਾਪਿਸ ਲਿਆਵੇਗਾ, ਪਰਮੇਸ਼ੁਰ ਉਸ ਨੂੰ ਕਦੇ ਨਹੀਂ ਛੱਡੇਗਾ।

ਇਹ ਸਭ **ਕਿੱਥੇ** ਹੋਇਆ? **ਆਇਤ 19** ਨੂੰ ਪੜ੍ਹੋ।

ਲੂਜ਼ ਨਾਮਕ ਇੱਕ ਨਗਰ ਵਿੱਚ, ਜਿਸ ਦਾ ਨਾਮ ਹੁਣ ਯਾਕੂਬ ਨੇ ਬੈਤਏਲ ਰੱਖਿਆ ਸੀ।

ਪੌੜੀ **ਕਿੱਥੇ** ਲੱਗੀ ਹੋਈ ਸੀ ਅਤੇ ਪੌੜੀ **ਕਿੱਥੇ** ਤੱਕ ਜਾਂਦੀ ਸੀ? **ਆਇਤ 12** ਨੂੰ ਪੜ੍ਹੋ।

ਪੌੜੀ ਧਰਤੀ ਉੱਤੇ ਲੱਗੀ ਹੋਈ ਸੀ ਅਤੇ ਅਕਾਸ਼ ਤੱਕ ਜਾਂਦੀ ਸੀ।

ਪੌੜੀ **ਕਿਸ** ਨੂੰ ਦਰਸਾਉਂਦੀ ਹੈ?

ਪੌੜੀ ਲੋਕਾਂ ਦੇ ਨਾਲ ਪਰਮੇਸ਼ੁਰ ਦੇ ਸੰਬੰਧ ਨੂੰ ਦਰਸਾਉਂਦੀ ਹੈ। ਪਰਮੇਸ਼ੁਰ ਸੁਰਗ ਵਿੱਚੋਂ ਧਰਤੀ ਉੱਤੇ ਉੱਤਰਦਾ ਹੈ ਅਤੇ ਸਾਡੇ ਕੋਲ ਆਉਂਦਾ ਹੈ। ਯਾਕੂਬ ਦਾ ਪਰਮੇਸ਼ੁਰ ਦੇ ਨਾਲ ਆਪਣਾ ਵਿਅਕਤੀਗਤ ਤਜ਼ਰਬਾ ਹੋਇਆ, ਉਸ ਨੇ ਧਰਤੀ ਉੱਤੇ ਇੱਕ ਦਰਸ਼ਨ ਵੇਖਿਆ ਜਿੱਥੇ ਉਹ ਰਹਿੰਦਾ ਸੀ ਅਤੇ ਉਤਾਂਹ ਅਕਾਸ਼ ਵੱਲ ਵੇਖਿਆ ਜਿੱਥੇ ਪਰਮੇਸ਼ੁਰ ਰਹਿੰਦਾ ਹੈ।

ਇਹ ਸਭ **ਕਦੋਂ** ਹੋਇਆ? ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ, ਸਲੀਬ ਉੱਤੇ ਮਰਨ ਤੋਂ, ਮ੍ਰਿਤਕਾਂ ਵਿੱਚੋਂ ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਪਹਿਲਾਂ ਜਾਂ ਬਾਅਦ ਵਿੱਚ?

ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ ਪਹਿਲਾਂ।

ਇਹ ਆਇਤਾਂ **ਕਿਉਂ** ਲਿਖੀਆਂ ਗਈਆਂ ਸਨ?

ਇਸਰਾਏਲ ਦੇਸ ਦੀ ਕਹਾਣੀ ਅਤੇ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਦੇ ਰਾਹੀਂ ਅਸੀਂ ਪਰਮੇਸ਼ੁਰ ਬਾਰੇ ਬਹੁਤ ਕੁਝ ਸਿੱਖਦੇ ਹਾਂ। ਯਾਕੂਬ ਦਾ ਪਰਮੇਸ਼ੁਰ ਦੇ ਨਾਲ ਵਿਅਕਤੀਗਤ ਤਜ਼ਰਬਾ ਹੋਇਆ। ਉਸ ਦੇ ਲਈ ਪਰਮੇਸ਼ੁਰ ਨੂੰ ਆਪਣੇ ਦਾਦੇ ਦੇ ਪਰਮੇਸ਼ੁਰ ਅਤੇ ਆਪਣੇ ਪਿਤਾ ਦੇ ਪਰਮੇਸ਼ੁਰ ਵਜੋਂ ਜਾਣਨਾ ਹੀ ਕਾਫੀ ਨਹੀਂ ਸੀ। ਹੁਣ ਯਾਕੂਬ ਪਰਮੇਸ਼ੁਰ ਨੂੰ ਵਿਅਕਤੀਗਤ ਤੌਰ 'ਤੇ ਜਾਣ ਗਿਆ ਹੈ ਅਤੇ ਇਸ ਦੇ ਨਤੀਜੇ ਵਜੋਂ ਉਸ ਨੂੰ ਆਪਣਾ ਵਿਅਕਤੀਗਤ ਵਾਇਦਾ ਮਿਲ ਜਾਂਦਾ ਹੈ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ ਕੱਲ੍ਹ, ਅੱਜ ਅਤੇ ਹਮੇਸ਼ਾ ਇੱਕੋ ਜਿਹਾ ਹੈ। ਪਰਮੇਸ਼ੁਰ ਆਪਣੇ ਆਪ ਨੂੰ ਵਿਅਕਤੀਗਤ ਤਰੀਕੇ ਨਾਲ ਅਤੇ ਸਾਡੀ ਜ਼ਰੂਰਤ ਦੇ ਅਨੁਸਾਰ ਪਰਗਟ ਕਰਦਾ ਹੈ। ਹਰੇਕ ਵਿਅਕਤੀ ਨੂੰ ਆਪ ਚੁਣਨ ਦੀ ਲੋੜ ਹੈ ਕਿ ਉਹ ਕਿਸ ਦੀ ਅਰਾਧਨਾ ਕਰੇਗਾ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ?

ਯਾਕੂਬ ਨੇ ਪਰਮੇਸ਼ੁਰ ਦਾ ਦਰਸ਼ਨ ਵੇਖਿਆ ਸੀ ਕਿ ਉਹ ਸੁਰਗੋਂ ਹੇਠਾਂ ਧਰਤੀ ਉੱਤੇ ਉਸ ਦੇ ਕੋਲ ਉੱਤਰ ਆਇਆ ਹੈ। ਪਰਮੇਸ਼ੁਰ ਸਰੀਰ ਅਤੇ ਲਹੂ ਦੇ ਮਨੁੱਖ ਦਾ ਰੂਪ ਧਾਰਨ ਕਰਕੇ ਧਰਤੀ ਉੱਤੇ ਉੱਤਰਿਆ, ਅਰਥਾਤ ਮਨੁੱਖ ਦਾ ਪੁੱਤਰ, ਪਰਮੇਸ਼ੁਰ ਦਾ ਪੁੱਤਰ, ਯਿਸੂ ਮਸੀਹ (ਮਸਹ ਕੀਤਾ ਹੋਇਆ)।

**ਯੂਹੰਨਾ 1:51** ਵਿੱਚ ਯਿਸੂ ਆਪਣੇ ਚੇਲਿਆਂ ਨੂੰ ਆਖਦਾ ਹੈ ਕਿ ਉਹ ਸੁਰਗ ਨੂੰ ਖੁੱਲ੍ਹਾ ਵੇਖਣਗੇ ਅਤੇ ਪਰਮੇਸ਼ੁਰ ਦੇ ਦੂਤਾਂ ਨੂੰ ਮਨੁੱਖ ਦੇ ਪੁੱਤਰ (ਅਰਥਾਤ ਉਸ ਦੇ ਆਪਣੇ) ਉੱਤੇ ਚੜ੍ਹਦੇ ਅਤੇ ਉੱਤਰਦੇ ਵੇਖਣਗੇ। ਯਿਸੂ ਮਸੀਹ ਦੇ ਜਨਮ, ਮੌਤ, ਜੀ ਉੱਠਣ ਅਤੇ ਵਾਪਿਸ ਸੁਰਗ ਚਲੇ ਜਾਣ ਦੇ ਦੁਆਰਾ ਸੁਰਗ ਖੁੱਲ ਗਿਆ ਹੈ। ਅੱਜ ਯਿਸੂ ਮਸੀਹ ਦੇ ਦੁਆਰਾ ਉਸ ਦੇ ਪਵਿੱਤਰ ਆਤਮਾ ਦੇ ਰਾਹੀਂ ਅਸੀਂ ਪਰਮੇਸ਼ੁਰ ਨੂੰ ਵਿਅਕਤੀਗਤ ਤੌਰ ’ਤੇ ਜਾਣ ਸਕਦੇ ਹਾਂ।

ਇਨ੍ਹਾਂ ਆਇਤਾਂ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਰਮੇਸ਼ੁਰ ਹਰੇਕ ਵਿਅਕਤੀ ਦੀ ਜ਼ਰੂਰਤ ਦੇ ਅਨੁਸਾਰ ਆਪਣੇ ਆਪ ਨੂੰ ਉਸ ’ਤੇ ਪਰਗਟ ਕਰਦਾ ਹੈ। ਯਾਕੂਬ ਦੀ ਜ਼ਰੂਰਤ ਇਹ ਸੀ ਕਿ ਉਸ ਨੂੰ ਪਰਮੇਸ਼ੁਰ ਦਾ ਵਿਅਕਤੀਗਤ ਤਜ਼ਰਬਾ ਕਰਨ ਦੀ ਲੋੜ ਸੀ। ਪਰਮੇਸ਼ੁਰ ਨੂੰ ਸਿਰਫ ਆਪਣੇ ਪਿਤਾ ਜਾਂ ਪੁਰਖਿਆਂ ਦੇ ਪਰਮੇਸ਼ੁਰ ਵਜੋਂ ਜਾਣਨਾ ਹੀ ਕਾਫੀ ਨਹੀਂ ਹੈ। ਇੱਥੋਂ ਤੱਕ ਕਿ ਜਦ ਯਾਕੂਬ ਨੇ ਗਲਤੀ ਕੀਤੀ ਸੀ, ਤਾਂ ਵੀ ਉਸ ਦੇ ਇਕੱਲੇਪਣ ਵਿੱਚ ਪਰਮੇਸ਼ੁਰ ਯਾਕੂਬ ’ਤੇ ਆਪਣੇ ਆਪ ਨੂੰ ਪਰਗਟ ਕਰਨਾ ਅਤੇ ਉਸ ਨੂੰ ਅਸੀਸ ਦੇਣਾ ਚਾਹੁੰਦਾ ਸੀ। ਪਰਮੇਸ਼ੁਰ ਸੰਬੰਧ ਰੱਖਣ ਵਾਲਾ ਪਰਮੇਸ਼ੁਰ ਹੈ। ਉਹ ਵਿਅਕਤੀਗਤ, ਪ੍ਰੇਮ ਕਰਨ ਵਾਲਾ, ਅਸੀਸਾਂ ਦੇਣ ਵਾਲਾ ਅਤੇ ਹਮੇਸ਼ਾ ਵਿਸ਼ਵਾਸਯੋਗ ਹੈ ਅਤੇ ਉਹ ਆਪਣੇ ਸਾਰੇ ਵਾਇਦੇ ਪੂਰੇ ਕਰੇਗਾ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

## ਧੰਨਵਾਦ ਦੀ ਸਮਾਪਤੀ ਪ੍ਰਾਰਥਨਾ

ਕਿਸੇ ਨੂੰ ਪਰਮੇਸ਼ੁਰ ਦਾ ਧੰਨਵਾਦ ਦੇਣ ਲਈ ਕਹੋ ਕਿ ਉਹ ਆਪਣੇ ਆਪ ਨੂੰ ਸਾਡੇ ’ਤੇ ਪਰਗਟ ਕਰਨਾ ਚਾਹੁੰਦਾ ਹੈ।

# ਸੈਸ਼ਨ 4: ਸਮਾਂ ਹੁਣ ਹੈ

*ਉਸ ਨੂੰ ਵੇਖੋ ਜਿਸ ਦੀਆਂ ਅੱਖਾਂ ਅੱਗ ਵਰਗੀਆਂ ਹਨ! ਜਿਹੜੇ ਉਸ ਨੂੰ ਕਬੂਲ ਕਰਦੇ ਹਨ, ਉਹ ਪ੍ਰੇਮ, ਰੋਸ਼ਨੀ ਅਤੇ ਜੀਵਨ ਵੇਖਦੇ ਹਨ। ਜਿਹੜੇ ਉਸ ਨੂੰ ਠੁਕਰਾਉਂਦੇ ਹਨ, ਉਹ ਸਜ਼ਾ, ਹਨੇਰਾ ਅਤੇ ਮੌਤ ਵੇਖਦੇ ਹਨ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਸੁਰਗ ਦਾ ਰਾਹ ਸਿਰਫ ਯਿਸੂ ਹੀ ਹੈ।

## ਬਾਈਬਲ ਅਧਿਐਨ – ਪਰਮੇਸ਼ੁਰ ਦਾ ਦਰਸ਼ਨ – ਯੂਹੰਨਾ

ਅਸੀਂ ਸਿੱਖਿਆ ਹੈ ਕਿ ਪਰਮੇਸ਼ੁਰ ਆਪਣੇ ਆਪ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਪਰਗਟ ਕਰਦਾ ਹੈ। ਪਰਮੇਸ਼ੁਰ ਆਪਣੇ ਆਪ ਨੂੰ ਉਸ ਵਿਅਕਤੀ ਦੀ ਜ਼ਰੂਰਤ ਦੇ ਅਨੁਸਾਰ ਪਰਗਟ ਕਰਦਾ ਹੈ, ਜਿਸ 'ਤੇ ਉਹ ਆਪਣੇ ਆਪ ਨੂੰ ਪਰਗਟ ਕਰ ਰਿਹਾ ਹੈ। ਅਸੀਂ ਯੂਹੰਨਾ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਦਰਸ਼ਨ ਦਾ ਅਧਿਐਨ ਕਰਾਂਗੇ।

## ਦਰਸ਼ਨ ਦਾ ਸੰਦਰਭ

ਯੂਹੰਨਾ ਨੂੰ ਉਸ ਦੇ ਵਿਸ਼ਵਾਸ ਦੇ ਕਾਰਨ ਜਲਾਵਤਨ ਕਰ ਦਿੱਤਾ ਗਿਆ ਸੀ। ਕਲੀਸਿਯਾ ਸਤਾਓ ਦਾ ਸਾਹਮਣਾ ਕਰ ਰਹੀ ਸੀ। ਮਨੁੱਖੀ ਸੰਸਾਰ ਦਾ ਸਭ ਤੋਂ ਨਿਰਦਈ ਅਤੇ ਸ਼ਕਤੀਸ਼ਾਲੀ ਸਾਮਰਾਜ, ਰੋਮ, ਹਕੂਮਤ ਕਰ ਰਿਹਾ ਸੀ। ਇਸ ਅਤਿਆਚਾਰ ਅਤੇ ਇਕੱਲੇਪਣ ਦੀ ਹਾਲਤ ਵਿੱਚ ਯੂਹੰਨਾ ਨੂੰ ਪਰਮੇਸ਼ੁਰ ਦੇ ਸੰਪੂਰਨ ਪਰਤਾਪ, ਪ੍ਰੇਮ ਅਤੇ ਤਾਕਤ ਸਮੇਤ ਪਰਮੇਸ਼ੁਰ ਦਾ ਦਰਸ਼ਨ ਮਿਲਿਆ। ਪਰਮੇਸ਼ੁਰ ਹੈ ਸੀ, ਹੁਣ ਵੀ ਹੈ, ਅਤੇ ਆਉਣ ਵਾਲਾ ਹੈ। ਉਹ ਆਪਣੇ ਸਿੰਘਾਸਣ ਉੱਤੇ ਬਿਰਾਜਮਾਨ ਹੈ ਅਤੇ ਉਸ ਦੀ ਤਾਕਤ ਯੁਗਾਂ-ਯੁਗਾਂ ਤੋਂ ਚੱਲੀ ਆ ਰਹੀ ਸਾਰੀ ਬੁਰਿਆਈ ਅਤੇ ਮਨੁੱਖੀ ਹਕੂਮਤ ਤੋਂ ਕਿਤੇ ਵਧ ਕੇ ਹੈ। ਯੂਹੰਨਾ ਅਤੇ ਸਾਰੇ ਵਿਸ਼ਵਾਸੀ ਇਹ ਤਸੱਲੀ ਪ੍ਰਾਪਤ ਕਰ ਸਕਦੇ ਹਨ ਕਿ ਬੁਰਿਆਈ ਦਾ ਅੰਤ ਆ ਰਿਹਾ ਹੈ। ਯਿਸੂ ਨੇ ਇਸ ਨੂੰ ਹਰਾ ਦਿੱਤਾ ਹੈ। ਬੁਰਿਆਈ ਦਾ ਸਮਾਂ ਥੋੜਾ ਹੀ ਬਚਿਆ ਹੈ। ਪਰਮੇਸ਼ੁਰ ਇੰਤਜ਼ਾਰ ਕਰ ਰਿਹਾ ਹੈ ਕਿ ਬੁਰਿਆਈ ਦਾ ਅੰਤ ਕਰਨ ਤੋਂ ਪਹਿਲਾਂ ਸਾਰੇ ਲੋਕ ਪਰਮੇਸ਼ੁਰ ਦੇ ਕੋਲ ਆ ਜਾਣ।

ਆਓ ਯਿਸੂ ਦੇ ਪਰਕਾਸ਼ ਅਤੇ ਆਉਣ ਵਾਲੀਆਂ ਕੁਝ ਗੱਲਾਂ ਨੂੰ ਸੰਖੇਪ ਵਿੱਚ ਵੇਖੀਏ।

**ਪਰਕਾਸ਼ 4:1-11** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇੱਕ-ਇੱਕ ਆਇਤ ਕਰਕੇ ਉਨ੍ਹਾਂ ਗੱਲਾਂ ਉੱਤੇ ਚਰਚਾ ਕਰੋ ਜਿਹੜੀਆਂ ਗੱਲਾਂ ਇਨ੍ਹਾਂ ਆਇਤਾਂ ਵਿੱਚ ਲਿਖੀਆਂ ਹਨ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

**ਆਇਤ** 1 ਸੁਰਗ ਵਿੱਚ ਇੱਕ ਦਰਵਾਜ਼ਾ ਖੁੱਲ੍ਹਾ ਹੋਇਆ ਹੈ।

**ਆਇਤ** 2 ਸੁਰਗ ਵਿੱਚ ਇੱਕ ਸਿੰਘਾਸਣ ਹੈ ਅਤੇ ਕੋਈ ਉਸ ਸਿੰਘਾਸਣ ਉੱਤੇ ਬੈਠਾ ਹੋਇਆ ਹੈ।

**ਆਇਤ** 3 ਸਿੰਘਾਸਣ ਦੇ ਆਲੇ-ਦੁਆਲੇ ਇੱਕ ਸਤਰੰਗੀ ਪੀਂਘ ਹੈ।

**ਆਇਤ** 4 ਸਿੰਘਾਸਣ ਦੇ ਆਲੇ-ਦੁਆਲੇ ਚੌਵੀ ਹੋਰ ਸਿੰਘਾਸਣ ਹਨ ਅਤੇ ਉਨ੍ਹਾਂ ਚੌਵੀ ਸਿੰਘਾਸਣਾਂ ਉੱਤੇ ਚੌਵੀ ਬਜ਼ੁਰਗ ਬੈਠੇ ਹਨ।

**ਆਇਤ** 5 ਸਿੰਘਾਸਣ ਵੱਲੋਂ ਬਿਜਲੀ ਦੀਆਂ ਝਲਕਾਂ ਅਤੇ ਕੜਕਣ ਦੀਆਂ ਅਵਾਜ਼ਾਂ ਆ ਰਹੀਆਂ ਹਨ। ਸੱਤ ਦੀਵੇ = ਪਰਮੇਸ਼ੁਰ ਦੇ ਸੱਤ ਆਤਮੇ।

**ਆਇਤ 6** ਸ਼ੀਸ਼ੇ ਦਾ ਸਮੁੰਦਰ। ਚਾਰ ਸਜੀਵ ਪ੍ਰਾਣੀ, ਜਿਨ੍ਹਾਂ ਦੀਆਂ ਬਹੁਤ ਸਾਰੀਆਂ ਅੱਖਾਂ ਹਨ।

**ਆਇਤ 7** ਪਹਿਲਾ ਸਜੀਵ ਪ੍ਰਾਣੀ ਸ਼ੇਰ ਵਰਗਾ ਸੀ। ਦੂਸਰਾ ਵੱਛੇ ਵਰਗਾ ਸੀ। ਤੀਸਰੇ ਦਾ ਮੂੰਹ ਇੱਕ ਆਦਮੀ ਵਰਗਾ ਸੀ। ਚੌਥਾ ਉੱਡਦੇ ਹੋਏ ਬਾਜ਼ ਵਰਗਾ ਸੀ।

ਚਾਰ ਸਜੀਵ ਪ੍ਰਾਣੀ ਦਿਨ-ਰਾਤ **ਕੀ** ਬੋਲਦੇ ਹਨ? **ਆਇਤ 8** ਨੂੰ ਪੜ੍ਹੋ।

*'ਪਵਿੱਤਰ, ਪਵਿੱਤਰ, ਪਵਿੱਤਰ ਹੈ ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ। ਉਹ ਹਮੇਸ਼ਾ ਸੀ, ਉਹ ਹੈ ਅਤੇ ਆਉਣ ਵਾਲਾ ਹੈ।'* (ERV)

ਜਦ ਚਾਰੇ ਸਜੀਵ ਪ੍ਰਾਣੀ ਸਿੰਘਾਸਣ ਉੱਤੇ ਬੈਠੇ ਹੋਏ ਦੀ ਅਰਾਧਨਾ ਕਰਦੇ ਹਨ, ਤਦ ਚੌਵੀ ਬਜ਼ੁਰਗ **ਕੀ** ਕਰਦੇ ਹਨ?
**ਆਇਤ 9-10** ਨੂੰ ਪੜ੍ਹੋ।

ਜਿਹੜਾ ਸਿੰਘਾਸਣ ਉੱਤੇ ਬੈਠਾ ਹੋਇਆ ਹੈ, ਉਸ ਦੇ ਅੱਗੇ ਮੱਥਾ ਟੇਕਦੇ ਹਨ ਅਤੇ ਉਸ ਦੀ ਅਰਾਧਨਾ ਕਰਦੇ ਹਨ।

ਜਦ ਚੌਵੀ ਬਜ਼ੁਰਗ ਉਸ ਦੀ ਅਰਾਧਨਾ ਕਰਦੇ ਹਨ ਜਿਹੜਾ ਸਿੰਘਾਸਣ ਉੱਤੇ ਬੈਠਾ ਹੋਇਆ ਹੈ, ਤਾਂ **ਕੀ** ਬੋਲਦੇ ਹਨ? **ਆਇਤ 11** ਨੂੰ ਪੜ੍ਹੋ।

*'ਸਾਡੇ ਪ੍ਰਭੂ ਅਤੇ ਪਰਮੇਸ਼ੁਰ, ਤੂੰ ਮਹਿਮਾ, ਸਤਿਕਾਰ ਅਤੇ ਸ਼ਕਤੀ ਪ੍ਰਾਪਤ ਕਰਨ ਦੇ ਯੋਗ ਹੈਂ। ਤੂੰ ਹੀ ਸਭ ਕੁਝ ਸਾਜਿਆ ਹੈ। ਇਹ ਤੇਰੀ ਰਜ਼ਾ ਦੁਆਰਾ ਹੀ ਹੈ ਜੋ ਸਾਰੀਆਂ ਚੀਜ਼ਾਂ ਮੌਜੂਦ ਹਨ ਅਤੇ ਸਾਜੀਆਂ ਗਈਆਂ ਸਨ।' (ERV)*

ਸੁਰਗ ਵਿੱਚ ਜਿਹੜਾ ਦਰਵਾਜ਼ਾ ਖੁੱਲ੍ਹਾ ਹੋਇਆ ਹੈ: ਜਿਹੜਾ ਦਰਵਾਜ਼ਾ ਯੂਹੰਨਾ ਨੇ ਵੇਖਿਆ ਹੈ ਉਹ ਯਿਸੂ ਦੇ ਸਰੀਰ ਅਤੇ ਲਹੂ ਦੇ ਸਿੱਧ ਬਲੀਦਾਨ ਦਾ ਚਿੰਨ੍ਹ ਹੈ। ਜਦ ਅਸੀਂ ਯਿਸੂ ਦੇ ਬਲੀਦਾਨ ਨੂੰ ਕਬੂਲ ਕਰ ਲੈਂਦੇ ਹਾਂ, ਤਾਂ ਪਰਮੇਸ਼ੁਰ ਦਾ ਆਤਮਾ ਸਾਡੇ ਅੰਦਰ ਵੱਸਣ ਆ ਜਾਂਦਾ ਹੈ, ਉਸ ਦੀ ਹਜ਼ੂਰੀ ਸਾਡੇ ਚੁਫੇਰੇ ਅਤੇ ਸਾਡੇ ਉੱਤੇ ਆ ਜਾਂਦੀ ਹੈ।

ਯਿਸੂ ਅਰਥਾਤ ਪਰਮੇਸ਼ੁਰ ਨੇ ਸਰੀਰ ਅਤੇ ਲਹੂ ਧਾਰਨ ਕੀਤਾ, ਸਾਡੇ ਵਰਗਾ ਬਣਿਆ, ਆਪਣਾ ਜੀਵਨ ਬਲੀਦਾਨ ਕੀਤਾ, ਮ੍ਰਿਤਕਾਂ ਵਿੱਚੋਂ ਜੀਉਂਦਾ ਹੋਇਆ ਅਤੇ ਸੁਰਗ ਵਿੱਚ ਚਲਿਆ ਗਿਆ, ਅਤੇ ਹੁਣ ਪਰਮੇਸ਼ੁਰ ਪਿਤਾ ਦੇ ਸੱਜੇ ਪਾਸੇ ਬਿਰਾਜਮਾਨ ਹੈ। ਉਸ ਨੇ ਇਹ ਸਭ ਇਸ ਕਰਕੇ ਕੀਤਾ ਤਾਂ ਜੋ ਉਸ ਦੇ ਆਤਮਾ ਦੇ ਰਾਹੀਂ ਸਾਨੂੰ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਆਉਣ ਦੀ ਇਜਾਜ਼ਤ ਮਿਲ ਜਾਵੇ।

ਇਹ ਮੌਜੂਦਾ ਸਮੇਂ ਵਿੱਚ ਸਾਡੇ ਲਈ ਹੋਇਆ ਹੈ, ਜਦ ਸਾਰਾ ਸੰਸਾਰ ਬੁਰਿਆਈ ਦੇ ਕਾਰਨ ਨੁਕਸਾਨਿਆ ਹੋਇਆ ਹੈ, ਸਾਨੂੰ ਸਾਡੀ ਆਤਮਾ ਵਿੱਚ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਜਾਣ ਦੀ, ਉਸ ਦੇ ਨਾਲ ਨਿਰੰਤਰ ਜੁੜੇ ਰਹਿਣ ਦੀ, ਉਸ ਦੇ ਨਾਲ ਸੰਗਤੀ ਕਰਨ ਦੀ, ਉਸ ਨੂੰ ਸੁਣਨ ਦੀ, ਉਸ ਦੇ ਨਾਲ ਸੰਬੰਧ ਰੱਖਣ ਦੀ, ਉਸ ਨੂੰ ਪ੍ਰੇਮ ਕਰਨ ਦੀ ਅਤੇ ਉਸ ਤੋਂ ਪਰਕਾਸ਼ ਪ੍ਰਾਪਤ ਕਰਨ ਦੀ ਇਜਾਜ਼ਤ ਮਿਲ ਗਈ ਹੈ।

ਸਾਨੂੰ ਆਸ ਹੈ ਕਿ ਭਵਿੱਖ ਵਿੱਚ ਜਦ ਸਾਡੇ ਸਰੀਰ ਜੀ ਉੱਠਣਗੇ, ਤਦ ਅਸੀਂ ਪਰਮੇਸ਼ੁਰ ਦੇ ਸਿੰਘਾਸਣ ਵਾਲੇ ਦਰਬਾਰ ਵਿੱਚ ਪ੍ਰਵੇਸ਼ ਕਰਾਂਗੇ, ਜਿੱਥੇ ਅਸੀਂ ਉਸ ਨੂੰ ਆਹਮਣੇ-ਸਾਹਮਣੇ ਵੇਖਾਂਗੇ। ਉੱਥੇ ਹੰਝੂ, ਦਰਦ, ਬੁਢਾਪਾ, ਰੋਗ-ਬਿਮਾਰੀ ਬਿਲਕੁਲ ਨਹੀਂ ਹੋਣਗੇ। ਸਮਾਂ ਪੂਰਾ ਹੋਣ 'ਤੇ ਸਭ ਕੁਝ ਸਿੱਧ ਹੋ ਜਾਵੇਗਾ।

ਮੂਲ ਪਾਠ ਦਾ ਗਲਤ ਅਰਥ ਕੱਢਣ ਤੋਂ ਬਚਣ ਲਈ ਹੇਠ ਲਿਖੇ ਸਵਾਲ ਪੁੱਛੋ:

ਇਨ੍ਹਾਂ ਆਇਤਾਂ ਵਿੱਚ ਮੁੱਖ ਪਾਤਰ **ਕੌਣ** ਹਨ?

ਯੂਹੰਨਾ, ਅਵਾਜ਼, ਪਰਮੇਸ਼ੁਰ (ਜੋ ਸਿੰਘਾਸਣ ਉੱਤੇ ਬਿਰਾਜਮਾਨ ਹੈ), ਚਾਰ ਸਜੀਵ ਪ੍ਰਾਣੀ, ਚੌਵੀ ਬਜ਼ੁਰਗ, ਪਰਮੇਸ਼ੁਰ ਦੇ ਸੱਤ ਆਤਮੇ।

**ਕੌਣ** ਬੋਲ ਰਿਹਾ ਹੈ?

ਲੇਖਕ ਯੂਹੰਨਾ, ਅਵਾਜ਼ (ਆਇਤ 1), ਚਾਰ ਸਜੀਵ ਪ੍ਰਾਣੀ (ਆਇਤ 8) ਅਤੇ ਚੌਵੀ ਬਜ਼ੁਰਗ (ਆਇਤ 11)।

ਯੂਹੰਨਾ **ਕਿਸ** ਦੇ ਨਾਲ ਗੱਲ ਕਰ ਰਿਹਾ ਹੈ? **ਪਰਕਾਸ਼ 4:1** ਨੂੰ ਪੜ੍ਹੋ।

ਯੂਹੰਨਾ ਉਸ ਸਮੇਂ ਦੇ ਅਤੇ ਯੁਗਾਂ-ਯੁਗਾਂ ਦੇ ਵਿਸ਼ਵਾਸੀਆਂ ਦੇ ਨਾਲ ਗੱਲ ਕਰ ਰਿਹਾ ਹੈ।

ਅਵਾਜ਼ **ਕਿਸ** ਦੇ ਨਾਲ ਗੱਲ ਕਰ ਰਹੀ ਹੈ? **ਪਰਕਾਸ਼ 4:1** ਨੂੰ ਪੜ੍ਹੋ।

ਅਵਾਜ਼ ਯੂਹੰਨਾ ਦੇ ਨਾਲ ਗੱਲ ਕਰ ਰਹੀ ਹੈ।

ਚਾਰ ਸਜੀਵ ਪ੍ਰਾਣੀ **ਕਿਸ** ਦੇ ਨਾਲ ਗੱਲ ਕਰ ਰਹੇ ਹਨ? **ਪਰਕਾਸ਼ 4:8** ਨੂੰ ਪੜ੍ਹੋ।

ਚਾਰ ਸਜੀਵ ਪ੍ਰਾਣੀ ਸਿੰਘਾਸਣ ਉੱਤੇ ਬਿਰਾਜਮਾਨ (ਪਰਮੇਸ਼ੁਰ) ਦੀ ਉਸਤਤ ਕਰ ਰਹੇ ਹਨ।

ਚੌਵੀ ਬਜ਼ੁਰਗ **ਕਿਸ** ਦੇ ਨਾਲ ਗੱਲ ਕਰ ਰਹੇ ਹਨ? **ਪਰਕਾਸ਼ 4:11** ਨੂੰ ਪੜ੍ਹੋ।

ਚੌਵੀ ਬਜ਼ੁਰਗ ਸਿੰਘਾਸਣ ਉੱਤੇ ਬਿਰਾਜਮਾਨ (ਪਰਮੇਸ਼ੁਰ) ਦੀ ਉਸਤਤ ਕਰ ਰਹੇ ਹਨ।

ਇਹ ਪਾਤਰ ਇੱਕ ਦੂਜੇ ਨਾਲ **ਕਿਵੇਂ** ਗੱਲਬਾਤ ਕਰਦੇ ਹਨ?

ਯੂਹੰਨਾ ਆਤਮਾ ਵਿੱਚ ਹੋ ਕੇ ਸੁਰਗ ਵਿੱਚ ਪ੍ਰਵੇਸ਼ ਕਰਦਾ ਹੈ, ਵੇਖਦਾ ਹੈ ਅਤੇ ਅਵਾਜ਼ ਨੂੰ ਸੁਣਦਾ ਹੈ। ਚਾਰ ਸਜੀਵ ਪ੍ਰਾਣੀ ਅਤੇ ਚੌਵੀ ਬਜ਼ੁਰਗ ਉਸ (ਪਰਮੇਸ਼ੁਰ) ਦੀ ਅਰਾਧਨਾ ਕਰਦੇ ਹਨ, ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ।

ਇਹ ਸਭ **ਕਿੱਥੇ** ਹੋਇਆ? **ਪਰਕਾਸ਼ 1:9** ਅਤੇ **ਪਰਕਾਸ਼ 4:1** ਨੂੰ ਪੜ੍ਹੋ।

ਪਾਤਮੁਸ ਨਾਮਕ ਟਾਪੂ ’ਤੇ ਅਤੇ ਸੁਰਗ ਵਿੱਚ।

ਇਹ ਸਭ **ਕਦੋਂ** ਹੋਇਆ? ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ, ਸਲੀਬ ਉੱਤੇ ਮਰਨ ਤੋਂ, ਮ੍ਰਿਤਕਾਂ ਵਿੱਚੋਂ ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਪਹਿਲਾਂ ਜਾਂ ਬਾਅਦ ਵਿੱਚ? **ਪਰਕਾਸ਼ 1:17-18** ਨੂੰ ਪੜ੍ਹੋ।

ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ, ਸਲੀਬ ਉੱਤੇ ਮਰਨ ਤੋਂ, ਮ੍ਰਿਤਕਾਂ ਵਿੱਚੋਂ ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਬਾਅਦ ਵਿੱਚ।

ਇਹ ਆਇਤਾਂ **ਕਿਉਂ** ਲਿਖੀਆਂ ਗਈਆਂ ਸਨ?

ਇੱਕਮਾਤਰ ਸੱਚੇ ਪਰਮੇਸ਼ੁਰ ਨੂੰ ਉਜਾਗਰ ਕਰਨ ਲਈ, ਜੋ ਸਰਬਸ਼ਕਤੀਮਾਨ, ਸਰਬਸ਼ਕਤੀਸ਼ਾਲੀ, ਸਦੀਪਕ, ਸਰਬਗਿਆਨੀ, ਅਤੇ ਪਵਿੱਤਰ ਹੈ, ਉਹ ਸਭਨਾਂ ਉੱਤੇ ਹਕੂਮਤ ਕਰਨ ਵਾਲਾ, ਸਭਨਾਂ ਦਾ ਸਿਰਜਣਹਾਰ, ਵਿਸ਼ਵਾਸਯੋਗ, ਅਤੇ ਸਾਰੀ ਉਸਤਤ ਤੇ ਅਰਾਧਨਾ ਦੇ ਯੋਗ ਹੈ। ਸਭਨਾਂ ਯੁਗਾਂ ਦੇ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕਰਨ ਲਈ ਕਿ ਯਿਸੂ (ਖੁੱਲ੍ਹੇ ਹੋਏ ਦਰਵਾਜ਼ੇ) ਦੇ ਰਾਹੀਂ ਸਾਨੂੰ ਸੁਰਗ ਵਿੱਚ ਪ੍ਰਵੇਸ਼ ਕਰਨ ਦੀ ਅਤੇ ਸਿੰਘਾਸਣ ਉੱਤੇ ਬਿਰਾਜਮਾਨ ਪਰਮੇਸ਼ੁਰ ਦੇ ਸਾਹਮਣੇ ਕਿਸੇ ਵੀ ਸਮੇਂ ਅਤੇ ਕਿਸੇ ਵੀ ਹਾਲਾਤ ਵਿੱਚ ਜਾਣ ਦੀ ਇਜਾਜ਼ਤ ਮਿਲ ਗਈ ਹੈ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ ਸਰਬਸ਼ਕਤੀਮਾਨ, ਸਰਬਸ਼ਕਤੀਸ਼ਾਲੀ, ਸਦੀਪਕ, ਸਰਬਗਿਆਨੀ, ਅਤੇ ਪਵਿੱਤਰ ਹੈ, ਉਹ ਸਭਨਾਂ ਉੱਤੇ ਹਕੂਮਤ ਕਰਨ ਵਾਲਾ, ਸਭਨਾਂ ਦਾ ਸਿਰਜਣਹਾਰ, ਵਿਸ਼ਵਾਸਯੋਗ, ਅਤੇ ਸਾਰੀ ਉਸਤਤ ਤੇ ਅਰਾਧਨਾ ਦੇ ਯੋਗ ਹੈ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ?

ਜਦ ਅਸੀਂ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰ ਲੈਂਦੇ ਹਾਂ, ਤਦ ਅਸੀਂ ਆਤਮਾ ਵਿੱਚ ਹੋ ਕੇ ਉਸ ਦੀ ਹਜ਼ੂਰੀ ਵਿੱਚ, ਉਸ ਦੇ ਸੁਰਗੀ ਸਿੰਘਾਸਣ ਦੇ ਸਾਹਮਣੇ ਕਿਸੇ ਵੀ ਸਮੇਂ ਦਿਲੇਰੀ ਨਾਲ ਪ੍ਰਵੇਸ਼ ਕਰ ਸਕਦੇ ਹਾਂ। ਇੱਥੋਂ ਤੱਕ ਕਿ ਔਖੇ ਸਮੇਂ, ਇਕੱਲੇਪਣ ਅਤੇ ਸਤਾਓ ਵੇਲੇ ਵੀ ਪਰਮੇਸ਼ੁਰ ਹਕੂਮਤ ਕਰਦਾ ਹੈ ਅਤੇ ਕਿਸੇ ਵੀ ਸਮੇਂ ਸਾਡੇ ਲਈ ਮੌਜੂਦ ਰਹਿੰਦਾ ਹੈ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਰਮੇਸ਼ੁਰ ਸਰਬਸ਼ਕਤੀਮਾਨ, ਸਰਬਸ਼ਕਤੀਸ਼ਾਲੀ, ਅਤੇ ਪਵਿੱਤਰ ਹੈ, ਉਹ ਸਭਨਾਂ ਉੱਤੇ ਹਕੂਮਤ ਕਰਨ ਵਾਲਾ, ਸਭਨਾਂ ਦਾ ਸਿਰਜਣਹਾਰ, ਅਤੇ ਸਾਰੀ ਉਸਤਤ ਤੇ ਅਰਾਧਨਾ ਦੇ ਯੋਗ ਹੈ। ਯਿਸੂ ਸੁਰਗ ਦਾ ਰਾਹ ਹੈ ਅਤੇ ਇੱਕ ਚਿੰਨ੍ਹ ਵਜੋਂ ਖੁੱਲ੍ਹਾ ਦਰਵਾਜ਼ਾ ਹੈ।

## ਗਵਾਹੀ ਦਿਓ

ਹਰੇਕ ਵਿਅਕਤੀ ਨੂੰ ਕਹੋ ਕਿ ਉਹ ਦੋ ਜਾਂ ਤਿੰਨ ਵਾਕਾਂ ਵਿੱਚ ਦੱਸੇ ਕਿ ਦਰਸ਼ਨ ਵਾਲੇ ਸੈਸ਼ਨਾਂ ਵਿੱਚੋਂ ਪਰਮੇਸ਼ੁਰ ਉਨ੍ਹਾਂ ਦੇ ਨਾਲ ਕਿਸ ਬਾਰੇ ਗੱਲ ਕਰਦਾ ਆ ਰਿਹਾ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 5: ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ

*ਗਿਆਨ ਤਾਕਤ ਹੈ। ਉਸ ਦੇ ਪ੍ਰੇਮ ਦੀ ਤਾਕਤ ਨੂੰ ਜਾਣਨਾ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਦੇ ਪ੍ਰੇਮ ਦਾ ਐਲਾਨ ਕਰਦੇ ਹਨ।

## ਬਾਈਬਲ ਅਧਿਐਨ — ਪਰਮੇਸ਼ੁਰ ਦਾ ਪ੍ਰੇਮ

ਅਸੀਂ ਹੁਣ ਤੱਕ ਸਿੱਖਿਆ ਹੈ ਕਿ ਸਿਰਜਣਹਾਰ ਪਰਮੇਸ਼ੁਰ, ਜੋ ਹੈ ਸੀ, ਅਤੇ ਹੁਣ ਵੀ ਹੈ, ਅਤੇ ਆਉਣ ਵਾਲਾ ਹੈ, ਸੰਬੰਧ ਰੱਖਣ ਵਾਲਾ ਪਰਮੇਸ਼ੁਰ ਹੈ। ਪਰਮੇਸ਼ੁਰ ਹਰੇਕ ਕੰਮ ਪ੍ਰੇਮ ਦੇ ਕਾਰਨ ਕਰਦਾ ਹੈ, ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ। ਪਰਮੇਸ਼ੁਰ ਦਾ ਪ੍ਰੇਮ ਸਾਡੀ ਸਮਝ ਤੋਂ ਪਰੇ ਹੈ। ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਉਸ ਦੇ ਪ੍ਰੇਮ ਦੇ ਕੁਝ ਪਹਿਲੂਆਂ ਦਾ ਅਧਿਐਨ ਕਰਾਂਗੇ।

**1 ਕੁਰਿੰਥੀਆਂ 13:1-8** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇੱਕ-ਇੱਕ ਆਇਤ ਕਰਕੇ ਉਨ੍ਹਾਂ ਗੱਲਾਂ ਉੱਤੇ ਚਰਚਾ ਕਰੋ ਜਿਹੜੀਆਂ ਗੱਲਾਂ ਇਨ੍ਹਾਂ ਆਇਤਾਂ ਵਿੱਚ ਪਰਮੇਸ਼ੁਰ ਦੇ ਪ੍ਰੇਮ ਦੇ ਪਹਿਲੂਆਂ ਬਾਰੇ ਲਿਖੀਆਂ ਹਨ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

**ਆਇਤ 4** ਸਹਿਜ ਹੈ (ਕ੍ਰੋਧ ਕੀਤੇ ਬਿਨਾ ਬਹੁਤ ਲੰਮਾ ਸਮਾਂ ਇੰਤਜ਼ਾਰ ਕਰਦਾ ਹੈ), ਦਿਆਲੂ ਹੈ, ਈਰਖਾਲੂ ਨਹੀਂ ਹੈ, ਫੂਲਦਾ ਨਹੀਂ ਹੈ, ਘਮੰਡੀ ਨਹੀਂ ਹੈ।

**ਆਇਤ 5** ਸਖ਼ਤ ਨਹੀਂ ਹੈ, ਖੁਦਗਰਜ਼ ਨਹੀਂ ਹੈ, ਆਸਾਨੀ ਨਾਲ ਕ੍ਰੋਧੀ ਨਹੀਂ ਹੁੰਦਾ ਅਤੇ ਬੁਰਾ ਨਹੀਂ ਸੋਚਦਾ।

**ਆਇਤ 6** ਬਦੀ ਨਾਲ ਪ੍ਰਸੰਨ ਨਹੀਂ ਹੁੰਦਾ, ਪਰ ਸੱਚ ਨਾਲ ਪ੍ਰਸੰਨ ਹੁੰਦਾ ਹੈ।

**ਆਇਤ** 7 ਖ਼ਾਮੋਸ਼ੀ ਨਾਲ ਸਭ ਕੁਝ ਬਰਦਾਸ਼ਤ ਕਰ ਲੈਂਦਾ ਹੈ, ਸਦਾ ਭਰੋਸਾ ਕਰਦਾ ਹੈ, ਸਦਾ ਆਸਵੰਦ ਹੁੰਦਾ ਹੈ, ਅਤੇ ਸਭ ਗੱਲਾਂ ਝੱਲ ਲੈਂਦਾ ਹੈ।

**ਆਇਤ 8** ਪ੍ਰੇਮ ਕਦੇ ਟਲਦਾ ਨਹੀਂ ਅਤੇ ਕਦੇ ਖਤਮ ਨਹੀਂ ਹੁੰਦਾ।

ਇਸ ਪ੍ਰੇਮ ਦਾ ਸੋਮਾ **ਕੌਣ** ਹੈ? **1 ਯੂਹੰਨਾ 4:7-10** ਨੂੰ ਪੜ੍ਹੋ।

## ਸਮੂਹਕ ਚਰਚਾ

ਚਰਚਾ ਕਰੋ ਕਿ ਇਨ੍ਹਾਂ ਆਇਤਾਂ ਵਿੱਚ ਪਰਮੇਸ਼ੁਰ ਦਾ ਪ੍ਰੇਮ ਕਿਵੇਂ ਪਰਗਟ ਕੀਤਾ ਗਿਆ ਹੈ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਰਮੇਸ਼ੁਰ ਸਾਨੂੰ ਬਹੁਤ ਪ੍ਰੇਮ ਕਰਦਾ ਹੈ, ਇਸੇ ਲਈ ਉਸ ਨੇ ਆਪਣੇ ਪੁੱਤਰ ਨੂੰ ਸਾਡੀ ਖਾਤਰ ਸਰੀਰ ਅਤੇ ਲਹੂ ਦਾ ਬਲੀਦਾਨ ਹੋਣ ਲਈ, ਸਾਡੀ ਸਜ਼ਾ ਨੂੰ ਆਪਣੇ ਉੱਤੇ ਚੁੱਕਣ ਲਈ ਭੇਜਿਆ, ਤਾਂ ਜੋ ਅਸੀਂ ਉਸ ਦੇ ਰਾਹੀਂ ਜੀਵਨ ਪ੍ਰਾਪਤ ਕਰੀਏ।

ਮੂਲ ਪਾਠ ਦਾ ਗਲਤ ਅਰਥ ਕੱਢਣ ਤੋਂ ਬਚਣ ਲਈ ਹੇਠ ਲਿਖੇ ਸਵਾਲ ਪੁੱਛੋ:

ਇਨ੍ਹਾਂ ਆਇਤਾਂ ਵਿੱਚ ਮੁੱਖ ਪਾਤਰ **ਕੌਣ** ਹਨ? **1 ਯੂਹੰਨਾ 4:7-10** ਨੂੰ ਪੜ੍ਹੋ।

ਲੇਖਕ ਯੂਹੰਨਾ, ਵਿਸ਼ਵਾਸੀ (ਪਿਆਰੇ ਮਿੱਤਰ), ਯਿਸੂ (ਪਰਮੇਸ਼ੁਰ ਦਾ ਪੁੱਤਰ) ਅਤੇ ਪਰਮੇਸ਼ੁਰ।

**ਕੌਣ** ਬੋਲ ਰਿਹਾ ਹੈ?

ਲੇਖਕ ਯੂਹੰਨਾ।

ਉਹ **ਕਿਸ** ਦੇ ਨਾਲ ਗੱਲ ਕਰ ਰਿਹਾ ਹੈ?

ਯੂਹੰਨਾ ਉਸ ਸਮੇਂ ਦੇ ਅਤੇ ਯੁਗਾਂ-ਯੁਗਾਂ ਦੇ ਵਿਸ਼ਵਾਸੀਆਂ ਨਾਲ ਗੱਲ ਕਰ ਰਿਹਾ ਹੈ।

ਇਹ ਪਾਤਰ ਇੱਕ ਦੂਜੇ ਨਾਲ **ਕਿਵੇਂ** ਗੱਲਬਾਤ ਕਰਦੇ ਹਨ?

ਯੂਹੰਨਾ ਵਿਸ਼ਵਾਸੀਆਂ ਨੂੰ ਪੱਤਰ ਲਿਖਦਾ ਹੈ।

ਇਹ ਸਭ **ਕਦੋਂ** ਹੋਇਆ? ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ, ਸਲੀਬ ਉੱਤੇ ਮਰਨ ਤੋਂ, ਮ੍ਰਿਤਕਾਂ ਵਿੱਚੋਂ ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਪਹਿਲਾਂ ਜਾਂ ਬਾਅਦ ਵਿੱਚ?

ਯਿਸੂ ਮਸੀਹ ਦੇ ਸਰੀਰ ਅਤੇ ਲਹੂ ਧਾਰਨ ਤੋਂ, ਸਲੀਬ ਉੱਤੇ ਮਰਨ ਤੋਂ, ਮ੍ਰਿਤਕਾਂ ਵਿੱਚੋਂ ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਬਾਅਦ ਵਿੱਚ।

ਇਹ ਆਇਤਾਂ **ਕਿਉਂ** ਲਿਖੀਆਂ ਗਈਆਂ ਸਨ? **1 ਯੂਹੰਨਾ 1:1-4** ਨੂੰ ਪੜ੍ਹੋ।

ਲੇਖਕ ਯੂਹੰਨਾ ਸਲੀਬ ਉੱਤੇ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਦਾ, ਮ੍ਰਿਤਕਾਂ ਵਿੱਚੋਂ ਜੀ ਉੱਠਣ ਦਾ, ਅਤੇ ਸੁਰਗ ਚਲੇ ਜਾਣ ਦਾ ਚਸ਼ਮਦੀਦ ਗਵਾਹ ਸੀ। ਵਿਸ਼ਵਾਸੀਆਂ ਦੇ ਅਨੰਦ ਨੂੰ ਸੰਪੂਰਨ ਕਰ ਲਈ ਯੂਹੰਨਾ ਲਿਖਦਾ ਹੈ ਅਤੇ ਗਵਾਹੀ ਦਿੰਦਾ ਹੈ ਕਿ ਯਿਸੂ ਦੇ ਲਹੂ ਦੇ ਬਲੀਦਾਨ ਉੱਤੇ ਵਿਸ਼ਵਾਸ ਕਰਕੇ ਅਤੇ ਉਸ ਨੂੰ ਕਬੂਲ ਕਰਕੇ ਉਨ੍ਹਾਂ ਦੇ ਪਾਪ ਮਾਫ਼ ਹੋ ਜਾਂਦੇ ਹਨ ਅਤੇ ਉਹ ਸ਼ੁੱਧ ਹੋ ਜਾਂਦੇ ਹਨ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ ਕਿਹੜੀਆਂ ਗੱਲਾਂ ਹਨ **ਜਿਹੜੀਆਂ** ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ, ਉਸ ਦਾ ਕਦੇ ਨਾ ਖਤਮ ਹੋਣ ਵਾਲਾ ਪ੍ਰੇਮ, ਉਸ ਦਾ ਸਦੀਪਕ ਬਲੀਦਾਨ ਅਤੇ ਪਰਮੇਸ਼ੁਰ ਤੇ ਲੋਕਾਂ ਦੇ ਖਿਲਾਫ਼ ਸਾਡੇ ਕੋਲੋਂ ਅਤੀਤ, ਵਰਤਮਾਨ, ਅਤੇ ਭਵਿੱਖ ਵਿੱਚ ਸ਼ਬਦਾਂ, ਕੰਮਾਂ ਅਤੇ ਵਿਚਾਰਾਂ ਵਿੱਚ ਹੋਣ ਵਾਲੇ ਸਾਰੇ ਪਾਪਾਂ ਤੋਂ ਮਾਫ਼ੀ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ?

ਜਦ ਅਸੀਂ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਉੱਤੇ ਵਿਸ਼ਵਾਸ ਕਰਦੇ ਅਤੇ ਉਸ ਨੂੰ ਕਬੂਲ ਕਰਦੇ ਹਾਂ, ਤਾਂ ਅਸੀਂ ਆਤਮਕ ਤੌਰ ’ਤੇ ਸ਼ੁੱਧ ਹੋ ਜਾਂਦੇ ਹਾਂ ਅਤੇ ਪਰਮੇਸ਼ੁਰ ਤੇ ਲੋਕਾਂ ਦੇ ਖਿਲਾਫ਼ ਸਾਡੇ ਕੋਲੋਂ ਅਤੀਤ, ਵਰਤਮਾਨ, ਅਤੇ ਭਵਿੱਖ ਵਿੱਚ ਸ਼ਬਦਾਂ, ਕੰਮਾਂ ਅਤੇ ਵਿਚਾਰਾਂ ਵਿੱਚ ਹੋਣ ਵਾਲੇ ਸਾਰੇ ਪਾਪਾਂ ਤੋਂ ਸਾਨੂੰ ਸਦਾ-ਸਦਾ ਲਈ ਮਾਫ਼ੀ ਮਿਲ ਜਾਂਦੀ ਹੈ। ਪਰਮੇਸ਼ੁਰ ਦਾ ਪ੍ਰੇਮ ਕਦੇ ਨਾ ਖਤਮ ਹੋਣ ਵਾਲਾ ਪ੍ਰੇਮ ਹੈ। ਅਸੀਂ ਪਰਮੇਸ਼ੁਰ ਦੇ ਪ੍ਰੇਮ ’ਤੇ ਭਰੋਸਾ ਕਰ ਸਕਦੇ ਹਾਂ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਰਮੇਸ਼ੁਰ ਪ੍ਰੇਮ ਹੈ, ਸਿੱਧ ਪ੍ਰੇਮ।

## ਗਵਾਹੀ ਦਿਓ

ਹਰੇਕ ਵਿਅਕਤੀ ਨੂੰ ਕਹੋ ਕਿ ਉਹ ਦੋ ਜਾਂ ਤਿੰਨ ਵਾਕਾਂ ਵਿੱਚ ਦੱਸੇ ਕਿ ਇਸ ਗੱਲ ਨੂੰ ਜਾਣਨ ਦਾ ਉਨ੍ਹਾਂ ਦੇ ਲਈ ਕੀ ਮਹੱਤਵ ਹੈ ਕਿ ਉਨ੍ਹਾਂ ਦੇ ਲਈ ਪਰਮੇਸ਼ੁਰ ਦਾ ਪ੍ਰੇਮ ਕਦੇ ਨਾ ਖ਼ਤਮ ਹੋਣ ਵਾਲਾ ਪ੍ਰੇਮ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 6: ਪਿਤਾ ਦਾ ਪ੍ਰੇਮ

*ਪਿਤਾ ਨੂੰ ਇਸ ਵਿੱਚ ਪ੍ਰਸੰਨਤਾ ਹੋਈ ਕਿ ਪਰਮੇਸ਼ੁਰ ਦੀ ਸਾਰੀ ਸੰਪੂਰਨਤਾ ਯਿਸੂ ਵਿੱਚ ਵੱਸੇ,*
*ਅਤੇ ਉਸ ਦੇ ਰਾਹੀਂ ਉਹ ਸਾਰੀਆਂ ਵਸਤਾਂ ਨੂੰ ਆਪਣੇ ਨਾਲ ਮਿਲਾਵੇ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਦੇ ਪ੍ਰੇਮ ਦਾ ਐਲਾਨ ਕਰਦੇ ਹਨ।

## ਬਾਈਬਲ ਅਧਿਐਨ

ਪਰਮੇਸ਼ੁਰ, ਜੋ ਹੈ ਸੀ, ਹੁਣ ਵੀ ਹੈ, ਅਤੇ ਆਉਣ ਵਾਲਾ ਹੈ, ਆਪਣੇ ਸੰਬੰਧ ਵਿੱਚ ਸਿੱਧ ਹੈ। ਪਿਤਾ, ਪੁੱਤਰ ਯਿਸੂ, ਅਤੇ ਪਵਿੱਤਰ ਆਤਮਾ, ਸੰਪੂਰਨ ਤੌਰ ’ਤੇ ਇੱਕ ਹਨ, ਇੱਕ ਵਿੱਚ ਤਿੰਨ। ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਪਿਤਾ ਦੇ ਪ੍ਰੇਮ ਦਾ ਅਧਿਐਨ ਕਰਾਂਗੇ।

ਪਰਮੇਸ਼ੁਰ ਦਾ ਪ੍ਰੇਮ ਐਨਾ ਮਹਾਨ ਹੈ ਕਿ ਉਸ ਨੇ ਸਭ ਕੁਝ ਪੁੱਤਰ ਨੂੰ ਦੇ ਦਿੱਤਾ ਹੈ।

**ਕੁਲੁੱਸੀਆਂ 1:19-20** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਿਤਾ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਰਮੇਸ਼ੁਰ ਨੂੰ ਇਸ ਵਿੱਚ ਪ੍ਰਸੰਨਤਾ ਮਿਲੀ ਹੈ ਕਿ ਉਹ ਪਰਮੇਸ਼ੁਰ ਦੀ ਸਾਰੀ ਸੰਪੂਰਨਤਾ ਨੂੰ ਯਿਸੂ ਵਿੱਚ ਸਾਡੇ ਲਈ ਪਰਗਟ ਕਰੇ। ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਦੇ ਰਾਹੀਂ ਹੁਣ ਪਰਮੇਸ਼ੁਰ ਦੇ ਨਾਲ ਸਾਰੀ ਸਰਿਸ਼ਟੀ ਦਾ ਮੇਲ ਹੋ ਗਿਆ ਹੈ ਅਤੇ ਸ਼ਾਂਤੀ ਮੁੜ ਸਥਾਪਤ ਹੋ ਗਈ ਹੈ। ਯਿਸੂ ਤੋਂ ਬਿਨਾ ਸਿੱਧ ਸ਼ਾਂਤੀ ਕਿਤੇ ਨਹੀਂ ਹੈ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ, ਉਸ ਦਾ ਪ੍ਰੇਮ, ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਵਿੱਚ ਪਰਗਟ ਹੋਈ ਪਰਮੇਸ਼ੁਰ ਦੀ ਸੰਪੂਰਨਤਾ। ਯਿਸੂ ਤੋਂ ਬਿਨਾ ਸ਼ਾਂਤੀ ਨਹੀਂ ਹੈ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ? **ਕੁਲੁੱਸੀਆਂ 1:21-22** ਨੂੰ ਪੜ੍ਹੋ।

ਜਦ ਅਸੀਂ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰ ਲੈਂਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੇ ਵਿਰੋਧੀ ਨਹੀਂ ਰਹਿ ਜਾਂਦੇ। ਹੁਣ ਪਰਮੇਸ਼ੁਰ ਦੇ ਨਾਲ ਸਾਡਾ ਮੇਲ ਹੋ ਜਾਂਦਾ ਹੈ, ਉਹ ਸਾਨੂੰ ਕਬੂਲ ਕਰ ਲੈਂਦਾ ਹੈ, ਉਸ ਦੇ ਨਾਲ ਸਾਡਾ ਸੰਬੰਧ ਸਥਾਪਿਤ ਹੋ ਜਾਂਦਾ ਹੈ, ਅਤੇ ਸਾਨੂੰ ਪਵਿੱਤਰ ਅਤੇ ਨਿਰਦੋਸ਼ ਵਜੋਂ ਪਰਮੇਸ਼ੁਰ ਦੇ ਅੱਗੇ ਪੇਸ਼ ਕੀਤਾ ਜਾਂਦਾ ਹੈ। ਹੁਣ ਸਾਨੂੰ ਪਰਮੇਸ਼ੁਰ ਦੇ ਸਾਹਮਣੇ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।

**ਯੂਹੰਨਾ 3:16-17** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਿਤਾ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਿਤਾ ਦਾ ਪ੍ਰੇਮ ਬਹੁਤ ਮਹਾਨ ਹੈ। ਉਸ ਨੇ ਸਾਨੂੰ ਯਿਸੂ ਵਿੱਚ ਸਭ ਕੁਝ ਦੇ ਦਿੱਤਾ ਹੈ, ਉਸੇ ਯਿਸੂ ਵਿੱਚ ਜਿਸ ਨੇ ਸਰੀਰ ਅਤੇ ਲਹੂ ਧਾਰਨ ਕੀਤਾ, ਸਲੀਬ ਉੱਤੇ ਮਰਿਆ, ਮ੍ਰਿਤਕਾਂ ਵਿੱਚੋਂ ਜੀ ਉੱਠਿਆ ਅਤੇ ਸੁਰਗ ਵਿੱਚ ਚਲਿਆ ਗਿਆ। ਸੰਸਾਰ ਨੂੰ ਬਚਾਉਣ ਲਈ ਪਰਮੇਸ਼ੁਰ ਨੇ ਆਪਣੇ ਆਪ ਨੂੰ ਸਰੀਰ ਅਤੇ ਲਹੂ ਦੇ ਬਲੀਦਾਨ ਵਜੋਂ ਦੇ ਦਿੱਤਾ ਤਾਂ ਜੋ ਪਰਮੇਸ਼ੁਰ ਅਤੇ ਲੋਕਾਂ ਦੇ ਖਿਲਾਫ਼ ਸਾਡੇ ਕੋਲੋਂ ਅਤੀਤ, ਵਰਤਮਾਨ, ਅਤੇ ਭਵਿੱਖ ਵਿੱਚ ਸ਼ਬਦਾਂ, ਕੰਮਾਂ ਅਤੇ ਵਿਚਾਰਾਂ ਵਿੱਚ ਹੋਣ ਵਾਲੇ ਸਾਰੇ ਪਾਪਾਂ ਤੋਂ ਸਾਨੂੰ ਸਦਾ-ਸਦਾ ਲਈ ਮਾਫ਼ੀ ਮਿਲ ਜਾਵੇ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ ਅਤੇ ਉਸ ਦਾ ਪ੍ਰੇਮ। ਬੁਰਿਆਈ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ? **ਯੂਹੰਨਾ 3:18** ਨੂੰ ਪੜ੍ਹੋ।

ਸਾਨੂੰ ਨਿਆਂ ਅਤੇ ਸਜ਼ਾ ਤੋਂ ਸਦਾ ਦੇ ਲਈ ਬਚਾ ਲਿਆ ਗਿਆ ਹੈ। ਅਸੀਂ ਹੁਣ ਦੋਸ਼ੀ ਨਹੀਂ ਹਾਂ। ਸਾਨੂੰ ਸਦੀਪਕ ਜੀਵਨ ਮਿਲ ਗਿਆ ਹੈ।

**ਯੂਹੰਨਾ 3:35** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਿਤਾ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਰਮੇਸ਼ੁਰ ਦਾ ਪ੍ਰੇਮ ਐਨਾ ਮਹਾਨ ਹੈ ਕਿ ਉਸ ਨੇ ਸਭ ਕੁਝ ਪੁੱਤਰ ਯਿਸੂ ਨੂੰ ਦੇ ਦਿੱਤਾ ਹੈ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ, ਉਸ ਦਾ ਪ੍ਰੇਮ ਅਤੇ ਉਸ ਦਾ ਦਾਨੀ ਸੁਭਾਅ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ? **ਯੂਹੰਨਾ 3:36** ਨੂੰ ਪੜ੍ਹੋ।

ਜੋ ਕੋਈ ਪਰਮੇਸ਼ੁਰ-ਪੁੱਤਰ ਯਿਸੂ ਵਿੱਚ ਵਿਸ਼ਵਾਸ ਕਰਦਾ ਹੈ, ਸਦੀਪਕ ਜੀਵਨ ਪ੍ਰਾਪਤ ਕਰਦਾ ਹੈ।

**1 ਯੂਹੰਨਾ 3:1** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਿਤਾ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਿਤਾ ਸਾਨੂੰ ਐਨਾ ਪ੍ਰੇਮ ਕਰਦਾ ਹੈ ਕਿ ਉਸ ਨੇ ਸਾਨੂੰ ਯਿਸੂ ਵਿੱਚ ਸਭ ਕੁਝ ਦੇ ਦਿੱਤਾ ਹੈ। ਅਸੀਂ ਉਸ ਦੀ ਸੰਤਾਨ ਹਾਂ। ਉਹ ਸਾਡਾ ਪਿਤਾ ਹੈ, ਜੋ ਸਾਨੂੰ ਆਪਣੇ ਪੁੱਤਰ ਯਿਸੂ ਦੇ ਬਰਾਬਰ ਪ੍ਰੇਮ ਕਰਦਾ ਹੈ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ, ਉਸ ਦਾ ਪ੍ਰੇਮ, ਜਿੰਨੇ ਲੋਕ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਉੱਤੇ ਵਿਸ਼ਵਾਸ ਕਰਦੇ ਅਤੇ ਉਸ ਨੂੰ ਕਬੂਲ ਕਰਦੇ ਹਨ, ਉਹ ਪਰਮੇਸ਼ੁਰ ਦੀ ਸੰਤਾਨ ਬਣ ਜਾਂਦੇ ਹਨ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ?

ਅਸੀਂ ਪਰਮੇਸ਼ੁਰ ਦੀ ਸੰਤਾਨ ਹਾਂ, ਉਸ ਨੇ ਸਾਨੂੰ ਕਬੂਲ ਕਰ ਲਿਆ ਹੈ, ਉਸ ਨੇ ਸਾਨੂੰ ਆਪਣੇ ਪਰਿਵਾਰ ਵਿੱਚ ਗੋਦ ਲੈ ਲਿਆ ਹੈ, ਸਾਨੂੰ ਸਦਾ ਲਈ ਉਸ ਦਾ ਪ੍ਰੇਮ ਮਿਲ ਗਿਆ ਹੈ।

**ਕੁਲੁੱਸੀਆਂ 1:12-14** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਿਤਾ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਿਤਾ ਸਾਨੂੰ ਐਨਾ ਪ੍ਰੇਮ ਕਰਦਾ ਹੈ ਕਿ ਉਸ ਨੇ ਆਪਣੇ ਪੁੱਤਰ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਦੇ ਰਾਹੀਂ ਸਾਨੂੰ ਨਿਰਦੋਸ਼ ਐਲਾਨ ਕਰ ਦਿੱਤਾ ਹੈ, ਤਾਂ ਜੋ ਅਸੀਂ ਉਹ ਸਭ ਪ੍ਰਾਪਤ ਕਰ ਸਕੀਏ ਜੋ ਯਿਸੂ ਦਾ ਹੈ, ਹੈ ਸੀ, ਜੋ ਉਹ ਆਪ ਸੀ, ਅਤੇ ਜੋ ਉਹ ਹੋਣ ਵਾਲਾ ਹੈ। ਅਸੀਂ ਪਰਮੇਸ਼ੁਰ ਦੀ ਸੰਤਾਨ ਵਜੋਂ ਮਸੀਹ ਦੇ ਸੰਗੀ ਵਾਰਿਸ ਹਾਂ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਪਰਮੇਸ਼ੁਰ, ਉਸ ਦਾ ਪ੍ਰੇਮ, ਉਸ ਦਾ ਦਾਨੀ ਸੁਭਾਅ, ਉਸ ਦੇ ਪੁੱਤਰ ਦਾ ਸਦਾਕਾਲ ਲਈ ਦਿੱਤਾ ਗਿਆ ਸਰੀਰ ਅਤੇ ਲਹੂ ਦਾ ਬਲੀਦਾਨ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ?

ਸਾਨੂੰ ਉਹ ਸਭ ਪ੍ਰਾਪਤ ਹੁੰਦਾ ਹੈ ਜੋ ਯਿਸੂ ਦਾ ਹੈ, ਹੈ ਸੀ, ਜੋ ਉਹ ਆਪ ਸੀ, ਅਤੇ ਜੋ ਉਹ ਹੋਣ ਵਾਲਾ ਹੈ। ਅਸੀਂ ਹਨੇਰੇ ਦੀ ਤਾਕਤ ਤੋਂ ਅਜ਼ਾਦ ਹੋ ਚੁੱਕੇ ਹਾਂ। ਅਸੀਂ ਯਿਸੂ ਦੇ ਸੰਗੀ ਵਾਰਿਸ ਬਣ ਕੇ ਪਰਮੇਸ਼ੁਰ ਦੇ ਰਾਜ ਵਿੱਚ, ਉਸ ਦੇ ਚਾਨਣ ਦੇ ਰਾਜ ਵਿੱਚ ਹਾਂ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਿਤਾ ਦਾ ਪ੍ਰੇਮ।

## ਗਵਾਹੀ ਦਿਓ

ਹਰੇਕ ਵਿਅਕਤੀ ਨੂੰ ਕਹੋ ਕਿ ਉਹ ਦੋ ਜਾਂ ਤਿੰਨ ਵਾਕਾਂ ਵਿੱਚ ਦੱਸੇ ਕਿ ਇਸ ਗੱਲ ਨੂੰ ਜਾਣਨ ਦਾ ਉਨ੍ਹਾਂ ਦੇ ਲਈ ਕੀ ਮਹੱਤਵ ਹੈ ਕਿ ਪਿਤਾ ਉਨ੍ਹਾਂ ਨੂੰ ਬਹੁਤ ਪ੍ਰੇਮ ਕਰਦਾ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 7: ਪੁੱਤਰ ਦਾ ਪ੍ਰੇਮ

*ਪਰਮੇਸ਼ੁਰ ਨੇ ਆਪਣੇ ਆਪ ਨੂੰ ਪ੍ਰੇਮ ਵਿੱਚ ਵਿਅਕਤੀਗਤ ਬਣਾਇਆ, ਤਾਂ ਜੋ ਸਾਡਾ ਵੀ ਪ੍ਰੇਮ ਦੇ ਰਾਹੀਂ ਉਸ ਦੇ ਨਾਲ ਸੰਬੰਧ ਬਣ ਜਾਵੇ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਦਾ ਐਲਾਨ ਕਰਦੇ ਹਨ।

## ਬਾਈਬਲ ਅਧਿਐਨ

ਪਰਮੇਸ਼ੁਰ, ਜੋ ਹੈ ਸੀ, ਹੁਣ ਵੀ ਹੈ, ਅਤੇ ਆਉਣ ਵਾਲਾ ਹੈ, ਆਪਣੇ ਸੰਬੰਧ ਵਿੱਚ ਸਿੱਧ ਹੈ। ਪਿਤਾ, ਪੁੱਤਰ ਯਿਸੂ, ਅਤੇ ਪਵਿੱਤਰ ਆਤਮਾ, ਸੰਪੂਰਨ ਤੌਰ ’ਤੇ ਇੱਕ ਹਨ, ਇੱਕ ਵਿੱਚ ਤਿੰਨ। ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਪਰਮੇਸ਼ੁਰ-ਪੁੱਤਰ, ਯਿਸੂ ਦੇ ਪ੍ਰੇਮ ਦਾ ਅਧਿਐਨ ਕਰਾਂਗੇ।

ਯਿਸੂ ਦਾ ਪ੍ਰੇਮ ਐਨਾ ਮਹਾਨ ਹੈ ਕਿ ਉਸ ਨੇ ਸਭ ਕੁਝ ਤਿਆਗ ਦਿੱਤਾ ਤਾਂ ਜੋ ਸਾਡੇ ਲਈ ਸਰੀਰ ਅਤੇ ਲਹੂ ਦਾ ਬਲੀਦਾਨ ਬਣ ਸਕੇ। ਪਰ ਫਿਰ ਵੀ, ਰੋਜ਼ਾਨਾ ਉਸ ਦੇ ਪ੍ਰੇਮ ਨੂੰ ਵਿਅਕਤੀਗਤ ਤੌਰ ’ਤੇ ਵਧ ਤੋਂ ਵਧ ਜਾਣਨ ਨਾਲ ਸਾਨੂੰ ਪਰਮੇਸ਼ੁਰ ਤੋਂ ਆਉਣ ਵਾਲੇ ਜੀਵਨ, ਪ੍ਰੇਮ, ਸਚਿਆਈ ਅਤੇ ਸ਼ਕਤੀ ਦੀ ਭਰਪੂਰੀ ਪ੍ਰਾਪਤ ਹੁੰਦੀ ਹੈ, ਜੋ ਆਪ ਪਰਮੇਸ਼ੁਰ ਹੈ।

**ਯੂਹੰਨਾ 10:14-18** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਯਿਸੂ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਯਿਸੂ ਦਾ ਪ੍ਰੇਮ ਬਹੁਤ ਮਹਾਨ ਹੈ। ਉਸ ਦੇ ਕੋਲ ਇਹ ਅਧਿਕਾਰ ਸੀ ਕਿ ਉਹ ਆਪਣੀ ਇੱਛਾ ਨਾਲ ਆਪਣੇ ਪ੍ਰਾਣ ਦੇ ਸਕਦਾ ਸੀ ਅਤੇ ਬਚਾ ਸਕਦਾ ਸੀ, ਪਰ ਫਿਰ ਵੀ ਉਸ ਨੇ ਆਪਣੇ ਪ੍ਰਾਣ ਦੇਣ ਦੀ ਚੋਣ ਕੀਤੀ, ਜੋ ਕਿ ਪਿਤਾ ਦੀ ਇੱਛਾ ਸੀ। ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ, ਉਸ ਨੇ ਆਪਣੇ ਆਪ ਵਿੱਚ ਸਾਨੂੰ ਸਭ ਕੁਝ ਦੇ ਦਿੱਤਾ ਹੈ। ਯਿਸੂ ਨੇ ਸਭ ਕੁਝ ਤਿਆਗ ਦਿੱਤਾ, ਸਰੀਰ ਅਤੇ ਲਹੂ ਧਾਰਨ ਕੀਤਾ, ਸਲੀਬ ਉੱਤੇ ਆਪਣੇ ਪ੍ਰਾਣ ਦਿੱਤੇ, ਮ੍ਰਿਤਕਾਂ ਵਿੱਚੋਂ ਜੀ ਉੱਠਿਆ ਅਤੇ ਸੁਰਗ ਵਿੱਚ ਚਲਿਆ ਗਿਆ। ਸੰਸਾਰ ਨੂੰ ਬਚਾਉਣ ਲਈ ਪਰਮੇਸ਼ੁਰ ਨੇ ਆਪਣੇ ਆਪ ਨੂੰ ਸਰੀਰ ਅਤੇ ਲਹੂ ਦੇ ਬਲੀਦਾਨ ਵਜੋਂ ਦੇ ਦਿੱਤਾ ਤਾਂ ਜੋ ਪਰਮੇਸ਼ੁਰ ਅਤੇ ਲੋਕਾਂ ਦੇ ਖਿਲਾਫ਼ ਸਾਡੇ ਕੋਲੋਂ ਅਤੀਤ, ਵਰਤਮਾਨ, ਅਤੇ ਭਵਿੱਖ ਵਿੱਚ ਸ਼ਬਦਾਂ, ਕੰਮਾਂ ਅਤੇ ਵਿਚਾਰਾਂ ਵਿੱਚ ਹੋਣ ਵਾਲੇ ਸਾਰੇ ਪਾਪਾਂ ਤੋਂ ਸਾਨੂੰ ਸਦਾ-ਸਦਾ ਲਈ ਮਾਫ਼ੀ ਮਿਲ ਜਾਵੇ। ਅੱਜ ਵੀ ਯਿਸੂ ਆਪਣੇ ਆਪ ਵਿੱਚੋਂ, ਮੌਤ ਉੱਤੇ ਜੇਤੂ ਹੋਇਆ ਆਪਣਾ ਜੀਵਨ, ਪ੍ਰੇਮ, ਸਚਿਆਈ, ਸ਼ਕਤੀ ਅਤੇ ਦੁਸ਼ਟ ਆਤਮਿਆਂ ਉੱਤੇ ਅਧਿਕਾਰ ਦੇਣਾ ਜਾਰੀ ਰੱਖਦਾ ਹੈ। ਉਹ ਸਾਡਾ ਚੰਗਾ ਚਰਵਾਹਾ ਹੈ।

## ਗਵਾਹੀ ਦਿਓ

ਹਰੇਕ ਵਿਅਕਤੀ ਨੂੰ ਕਹੋ ਕਿ ਉਹ ਦੋ ਜਾਂ ਤਿੰਨ ਵਾਕਾਂ ਵਿੱਚ ਦੱਸੇ ਕਿ ਇਸ ਗੱਲ ਨੂੰ ਜਾਣਨ ਦਾ ਉਨ੍ਹਾਂ ਦੇ ਲਈ ਕੀ ਮਹੱਤਵ ਹੈ ਕਿ ਯਿਸੂ ਉਨ੍ਹਾਂ ਦਾ ਚੰਗਾ ਚਰਵਾਹਾ ਹੈ।

**ਜ਼ਬੂਰ 23 ਨੂੰ** ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਚਰਚਾ ਕਰੋ ਕਿ ਚੰਗਾ ਚਰਵਾਹਾ ਯਿਸੂ ਤੁਹਾਡੇ ਲਈ ਕੀ ਕਰਦਾ ਹੈ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਯਿਸੂ ਮੇਰੀਆਂ ਸਭਨਾਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।

ਯਿਸੂ ਮੈਨੂੰ ਅਰਾਮ ਅਤੇ ਭੋਜਨ ਦਿੰਦਾ ਹੈ।

ਯਿਸੂ ਮੈਨੂੰ ਤਾਜ਼ਗੀ ਅਤੇ ਜੀਵਨ ਦਾ ਜਲ ਦਿੰਦਾ ਹੈ।

ਯਿਸੂ ਮੇਰੀ ਆਤਮਾ, ਮੇਰੇ ਮਨ ਅਤੇ ਮੇਰੇ ਸਰੀਰ ਨੂੰ ਤੰਦਰੁਸਤੀ ਅਤੇ ਨਵੀਨਤਾ ਦਿੰਦਾ ਹੈ।

ਯਿਸੂ ਆਪਣੇ ਨਾਮ ਦੀ ਖਾਤਰ ਆਪਣੀ ਧਾਰਮਿਕਤਾ ਅਤੇ ਨਿਆਂ ਵਿੱਚ ਮੈਨੂੰ ਲੈ ਕੇ ਚੱਲਦਾ ਹੈ।

ਭਾਵੇਂ ਮੈਂ ਮੌਤ ਦੇ ਪਰਛਾਵਿਆਂ ਦੀ ਵਾਦੀ ਵਿੱਚੋਂ ਹੋ ਕੇ ਜਾਵਾਂ, ਮੈਨੂੰ ਕੋਈ ਡਰ ਨਹੀਂ ਹੋਵੇਗਾ, ਕਿਉਂਕਿ ਯਿਸੂ ਮੇਰੇ ਨਾਲ ਹੈ।

ਯਿਸੂ ਆਪਣੇ ਪ੍ਰੇਮ, ਮੇਰੇ ਨਾਲ ਉਸ ਦੇ ਸੰਬੰਧ ਅਤੇ ਆਪਣੀ ਸਰਬਉੱਚ ਸ਼ਕਤੀ ਅਤੇ ਅਧਿਕਾਰ ਦੇ ਨਾਲ ਮੈਨੂੰ ਤਸੱਲੀ ਦਿੰਦਾ ਹੈ।

ਯਿਸੂ ਮੇਰੇ ਸਾਰੇ ਵੈਰੀਆਂ ਦੇ ਸਾਹਮਣੇ ਮੇਰੇ ਲਈ ਦਾਅਵਤ ਤਿਆਰ ਕਰਦਾ ਹੈ। ਯਿਸੂ ਮੈਨੂੰ ਮਾਣਯੋਗ ਮਿਹਮਾਨ ਬਣਾਉਂਦਾ ਹੈ।

ਯਿਸੂ ਆਪਣੀ ਕਦੇ ਨਾ ਸਮਾਪਤ ਹੋਣ ਵਾਲੀ ਭਰਪੂਰੀ ਅਤੇ ਪਰਮੇਸ਼ੁਰ ਦੀ ਸਾਰੀ ਭਲਿਆਈ ਦੇ ਨਾਲ ਮੈਨੂੰ ਮਸਹ ਕਰਦਾ ਹੈ।

ਮੈਨੂੰ ਕੋਈ ਸ਼ਕ ਨਹੀਂ ਹੈ ਕਿ ਪਰਮੇਸ਼ੁਰ ਦੀ ਦਇਆ ਮੇਰੇ ਮਨੁੱਖੀ ਜੀਵਨ ਭਰ ਮੇਰੇ ਅੰਗ-ਸੰਗ ਰਹੇਗੀ। ਮੈਂ ਸਦਾਕਾਲ ਲਈ ਪਰਮੇਸ਼ੁਰ ਦੇ ਨਾਲ ਉਸ ਦੀ ਹਜ਼ੂਰੀ ਵਿੱਚ ਰਹਾਂਗਾ।

ਇਨ੍ਹਾਂ ਆਇਤਾਂ ਵਿੱਚ ਅਜਿਹੀਆਂ **ਕਿਹੜੀਆਂ** ਗੱਲਾਂ ਹਨ ਜਿਹੜੀਆਂ ਅੱਜ ਵੀ ਉਹੋ ਜਿਹੀਆਂ ਹੀ ਹਨ?

ਯਿਸੂ ਚੰਗਾ ਚਰਵਾਹਾ ਹੈ ਜੋ ਆਪਣੇ ਆਪ ਨੂੰ ਆਪਣੀਆਂ ਭੇਡਾਂ ਦੇ ਲਈ ਦੇਣਾ ਜਾਰੀ ਰੱਖਦਾ ਹੈ।

ਇਸ ਦਾ ਅੱਜ ਸਾਡੇ ਲਈ **ਕੀ** ਮਹੱਤਵ ਹੈ?

ਯਿਸੂ ਜੋ ਕੁਝ ਹੈ, ਉਸ ਨੇ ਜੋ ਕੁਝ ਕੀਤਾ ਹੈ, ਉਹ ਜੋ ਕੁਝ ਕਰ ਰਿਹਾ ਹੈ, ਅਤੇ ਉਸ ਨੇ ਜੋ ਵਾਇਦੇ ਕੀਤੇ ਹਨ, ਉਨ੍ਹਾਂ ਵਿੱਚ ਅਸੀਂ ਅਰਾਮ ਕਰ ਸਕਦੇ ਹਾਂ।

ਇਨ੍ਹਾਂ ਆਇਤਾਂ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ, ਇਸ ਲਈ ਉਹ ਯਿਸੂ ਵਿੱਚ ਸਾਨੂੰ ਆਪਣਾ ਸਭ ਕੁਝ ਦਿੰਦਾ ਹੈ।

ਯਿਸੂ ਵਿੱਚ ਪਰਮੇਸ਼ੁਰ ਦਾ ਪ੍ਰੇਮ **ਕਿੰਨਾ** ਬਲਵਾਨ ਹੈ? **ਰੋਮੀਆਂ 8:38-39** ਨੂੰ ਪੜ੍ਹੋ।

ਯਿਸੂ ਵਿੱਚ ਸਾਡੇ ਲਈ ਪਰਮੇਸ਼ੁਰ ਦਾ ਪ੍ਰੇਮ ਕਿਸੇ ਵੀ ਹੋਰ ਚੀਜ਼ ਨਾਲੋਂ, ਇੱਥੋਂ ਤੱਕ ਕਿ ਸਾਡੀਆਂ ਆਪਣੀਆਂ ਨਿਰਬਲਤਾਈਆਂ ਅਤੇ ਸੰਸਾਰ ਵਿੱਚ ਮੌਜੂਦ ਬੁਰਿਆਈ ਨਾਲੋਂ ਵੀ ਕਿਤੇ ਵਧ ਬਲਵਾਨ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 8: ਪਵਿੱਤਰ ਆਤਮਾ ਦਾ ਪ੍ਰੇਮ

*ਆਤਮਾ ਅਤੇ ਲਾੜੀ ਆਖਦੇ ਹਨ, "ਆ।"  ਸਾਰੇ ਸਰੋਤੇ ਵੀ ਆਖਣ, "ਆ।"*
*ਜਿੰਨੇ ਲੋਕ ਪਿਆਸੇ ਹਨ, ਉਹ ਆਉਣ। ਜਿੰਨੇ ਲੋਕ ਜੀਵਨ ਦਾ ਜਲ ਮੁਫ਼ਤ ਪੀਣਾ ਚਾਹੁੰਦੇ ਹਨ, ਉਹ ਆਉਣ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਦੇ ਪ੍ਰੇਮ ਦਾ ਐਲਾਨ ਕਰਦੇ ਹਨ।

## ਬਾਈਬਲ ਅਧਿਐਨ

ਪਰਮੇਸ਼ੁਰ, ਜੋ ਹੈ ਸੀ, ਹੁਣ ਵੀ ਹੈ, ਅਤੇ ਆਉਣ ਵਾਲਾ ਹੈ, ਆਪਣੇ ਸੰਬੰਧ ਵਿੱਚ ਸਿੱਧ ਹੈ। ਪਿਤਾ, ਪੁੱਤਰ ਯਿਸੂ, ਅਤੇ ਪਵਿੱਤਰ ਆਤਮਾ, ਸੰਪੂਰਨ ਤੌਰ ’ਤੇ ਇੱਕ ਹਨ, ਇੱਕ ਵਿੱਚ ਤਿੰਨ। ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਪਵਿੱਤਰ ਆਤਮਾ ਦੇ ਪ੍ਰੇਮ ਦਾ ਅਧਿਐਨ ਕਰਾਂਗੇ।

ਪਰਮੇਸ਼ੁਰ ਦਾ ਪ੍ਰੇਮ ਐਨਾ ਮਹਾਨ ਹੈ ਕਿ ਇਹ ਸਾਡੀ ਸਮਝ ਤੋਂ ਪਰੇ ਹੈ। ਪਵਿੱਤਰ ਆਤਮਾ ਦਾ ਪ੍ਰੇਮ ਕਦੇ ਵੀ ਉਸ ਦੇ ਆਪਣੇ ਵੱਲ ਇਸ਼ਾਰਾ ਨਹੀਂ ਕਰਦਾ। ਸਗੋਂ ਉਹ ਤਾਂ ਪਰਗਟ ਕਰਦਾ ਹੈ, ਪੁਸ਼ਟੀ ਕਰਦਾ ਹੈ, ਬਦਲਦਾ ਹੈ ਅਤੇ ਸਾਡੇ ਅੰਦਰ ਵੱਸਦਾ ਹੈ, ਤਾਂ ਜੋ ਅਸੀਂ ਪਿਤਾ ਦੇ ਪ੍ਰੇਮ ਦਾ ਅਤੇ ਪੁੱਤਰ ਯਿਸੂ ਦੇ ਪ੍ਰੇਮ ਦਾ ਵਿਅਕਤੀਗਤ ਤੌਰ ’ਤੇ, ਸ਼ਕਤੀਸ਼ਾਲੀ ਢੰਗ ਨਾਲ ਅਤੇ ਨਜ਼ਦੀਕੀ ਤੌਰ ’ਤੇ ਤਜ਼ਰਬਾ ਕਰ ਸਕੀਏ।

ਪਵਿੱਤਰ ਆਤਮਾ **ਕਿਸ** ਦੀ ਗਵਾਹੀ ਦਿੰਦਾ ਹੈ ਅਤੇ ਮਹਿਮਾ ਕਰਦਾ ਹੈ? **ਯੂਹੰਨਾ 16:13-15** ਨੂੰ ਪੜ੍ਹੋ।

ਯਿਸੂ ਦੀ।

ਪਰਮੇਸ਼ੁਰ ਦਾ ਪ੍ਰੇਮ ਸਾਡੇ ਦਿਲਾਂ ਵਿੱਚ ਵਿਅਕਤੀਗਤ ਤੌਰ ’ਤੇ, ਸ਼ਕਤੀਸ਼ਾਲੀ ਢੰਗ ਨਾਲ ਅਤੇ ਨਜ਼ਦੀਕੀ ਤੌਰ ’ਤੇ **ਕਿਵੇਂ** ਪਾਇਆ ਗਿਆ ਹੈ?

**ਰੋਮੀਆਂ 5:5-8** ਨੂੰ ਪੜ੍ਹੋ।

ਪਵਿੱਤਰ ਆਤਮਾ ਦੇ ਰਾਹੀਂ, ਜੋ ਸਾਨੂੰ ਉਦੋਂ ਦਿੱਤਾ ਜਾਂਦਾ ਹੈ ਜਦੋਂ ਅਸੀਂ ਯਿਸੂ ਦੇ ਆਪਣੇ ਤੋਹਫ਼ੇ ਨੂੰ ਕਬੂਲ ਕਰ ਲੈਂਦੇ ਹਾਂ।

**ਰੋਮੀਆਂ 8:14-16** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਵਿੱਤਰ ਆਤਮਾ ਦੇ ਪ੍ਰੇਮ ਦੇ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਰਮੇਸ਼ੁਰ ਦਾ ਪ੍ਰੇਮ ਐਨਾ ਮਹਾਨ ਹੈ ਕਿ ਜਦ ਅਸੀਂ ਯਿਸੂ ਨੂੰ ਉਸ ਦੇ ਵੱਲੋਂ ਦਿੱਤੇ ਗਏ ਤੋਹਫ਼ੇ ਵਜੋਂ ਕਬੂਲ ਕਰਦੇ ਹਾਂ, ਤਾਂ ਅਸੀਂ ਯਿਸੂ ਦੇ ਆਤਮਾ, ਪਰਮੇਸ਼ੁਰ ਦੇ ਆਤਮਾ, ਪਵਿੱਤਰ ਆਤਮਾ ਨੂੰ ਵੀ ਆਪਣੇ ਅੰਦਰ ਪ੍ਰਾਪਤ ਕਰਦੇ ਹਾਂ। ਅਸੀਂ ਪਰਮੇਸ਼ੁਰ ਦੀ ਸੰਤਾਨ ਬਣ ਜਾਂਦੇ ਹਾਂ ਅਤੇ ਪਰਮੇਸ਼ੁਰ ਸਾਡਾ ਪ੍ਰੇਮੀ ਪਿਤਾ ਬਣ ਜਾਂਦਾ ਹੈ।

ਸਾਰੇ ਵਿਸ਼ਵਾਸੀ (ਸਾਰੇ ਪੁਰਸ਼ ਅਤੇ ਇਸਤਰੀਆਂ) 'ਪਰਮੇਸ਼ੁਰ ਦੇ ਪੁੱਤਰ' ਹਨ ਕਿਉਂਕਿ ਉਨ੍ਹਾਂ ਨੇ ਉਸ ਦਾ ਆਤਮਾ ਪ੍ਰਾਪਤ ਕਰ ਲਿਆ ਹੈ। 'ਪਰਮੇਸ਼ੁਰ ਦੇ ਪੁੱਤਰ' ਸ਼ਬਦ ਦਰਸਾਉਂਦੇ ਹਨ ਕਿ ਹੁਣ ਪਰਮੇਸ਼ੁਰ ਦੇ ਨਾਲ ਸਾਡਾ ਸੰਬੰਧ ਕਿਹੋ ਜਿਹਾ ਹੈ। ਇਸ ਦਾ ਅਰਥ ਹੈ ਕਿ ਸਾਨੂੰ ਸ਼ਾਹੀ ਪਰਿਵਾਰ ਵਿੱਚ ਜੇਠੇ ਪੁੱਤਰ ਵਾਂਗ ਗੋਦ ਲੈ ਲਿਆ ਗਿਆ ਹੈ, ਜਿਸ ਨੂੰ ਜੇਠੇ ਪੁੱਤਰ ਦੇ ਸਾਰੇ ਕਨੂੰਨੀ ਅਧਿਕਾਰ ਵੀ ਮਿਲਦੇ ਹਨ। ਇਸ ਕਰਕੇ ਅਸੀਂ ਪਰਮੇਸ਼ੁਰ ਦੇ ਰਾਜ ਦੇ ਰਾਜਾ, ਯਿਸੂ ਦੇ ਨਾਲ ਸੰਗੀ ਵਾਰਿਸ ਬਣ ਜਾਂਦੇ ਹਾਂ।

## ਗਵਾਹੀ ਦਿਓ

ਹਰੇਕ ਵਿਅਕਤੀ ਨੂੰ ਕਹੋ ਕਿ ਉਹ ਦੋ ਜਾਂ ਤਿੰਨ ਵਾਕਾਂ ਵਿੱਚ ਦੱਸੇ ਕਿ ਇਸ ਗੱਲ ਨੂੰ ਜਾਣਨ ਦਾ ਉਨ੍ਹਾਂ ਦੇ ਲਈ ਕੀ ਮਹੱਤਵ ਹੈ ਕਿ ਉਹ ਪਰਮੇਸ਼ੁਰ ਦੀ ਸੰਤਾਨ ਹਨ (ਸ਼ਾਹੀ ਪਰਿਵਾਰ ਵਿੱਚ ਜੰਮੇ ਹੋਏ ਜੇਠੇ ਪੁੱਤਰ ਵਾਂਗ)।

ਇਨ੍ਹਾਂ ਆਇਤਾਂ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ, ਇਸ ਲਈ ਉਹ ਯਿਸੂ ਵਿੱਚ ਸਾਨੂੰ ਆਪਣਾ ਸਭ ਕੁਝ ਦਿੰਦਾ ਹੈ, ਉਹ ਸਾਨੂੰ ਆਪਣੇ ਪਰਿਵਾਰ ਵਿੱਚ ਗੋਦ ਲੈਂਦਾ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 9: ਮੈਂ ਜਿਵੇਂ ਹਾਂ ਉਵੇਂ ਹੀ ਕਬੂਲ ਕੀਤਾ ਗਿਆ ਹਾਂ

*ਉਸ ਦੇ ਪ੍ਰੇਮ ਸਦਕਾ ਭਾਲਿਆ ਗਿਆ। ਜਿਵੇਂ ਹਾਂ ਉਵੇਂ ਹੀ ਕਬੂਲ ਕੀਤਾ ਗਿਆ। ਸਦੀਪਕਤਾ ਵਿੱਚ ਜਾ ਰਿਹਾ ਹਾਂ।*
*ਭਰਪੂਰੀ ਦਾ ਜੀਵਨ ਮਿਲ ਗਿਆ ਹੈ। ਮੈਂ ਹਮੇਸ਼ਾ ਲਈ ਬਦਲ ਗਿਆ ਹਾਂ। ਉਸ ਮਹਾਨ 'ਮੈਂ ਹਾਂ' ਦੇ ਦੁਆਰਾ।*


## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਪਰਮੇਸ਼ੁਰ ਨੇ ਮੈਨੂੰ ਉਵੇਂ ਹੀ ਕਬੂਲ ਕੀਤਾ ਹੈ ਜਿਵੇਂ ਮੈਂ ਹਾਂ।

## ਚਾਰ ਕਾਰਡ ਵਰਕਸ਼ਾਪ



**ਕਦਮ 1**: ਹਰੇਕ ਵਿਅਕਤੀ ਕੋਰਾ ਕਾਗਜ ਲੈਂਦਾ ਹੈ ਅਤੇ ਉਸ ਨੂੰ ਚਾਰ ਹਿੱਸਿਆਂ ਵਿੱਚ ਕੱਟ ਲੈਂਦਾ ਹੈ। ਹਰੇਕ ਵਿਅਕਤੀ ਆਪਣੇ ਕਾਰਡ ਦੇ ਸਾਹਮਣੇ ਵਾਲੇ ਹਿੱਸੇ ਉੱਤੇ ਹੇਠ ਲਿਖੀਆਂ ਵਸਤਾਂ ਦੇ ਚਿੱਤਰ ਬਣਾਉਂਦਾ ਹੈ।

ਕਾਰਡ 1 = ਮੈਂ, ਕਾਰਡ 2 = ਮੇਰਾ ਪਰਿਵਾਰ, ਕਾਰਡ 3 = ਮੇਰੀ ਸਿੱਖਿਆ, ਕਾਰਡ 4 = ਮੇਰਾ ਪਿੰਡ।

**ਕਦਮ 2:** ਹਰੇਕ ਵਿਅਕਤੀ ਚਾਰੇ ਕਾਰਡਾਂ ਦੇ ਪਿਛਲੇ ਪਾਸੇ ਸਧਾਰਨ ਚਿੱਤਰ ਅਤੇ ਸ਼ਬਦਾਂ ਦੇ ਰਾਹੀਂ ਆਪਣੇ ਆਪ ਦਾ, ਆਪਣੇ ਪਰਿਵਾਰ ਦਾ, ਆਪਣੇ ਸਕੂਲ ਦਾ ਅਤੇ ਆਪਣੇ ਸਮਾਜ ਦਾ ਵੇਰਵਾ ਦੇਵੇ। ਕਾਰਡਾਂ ਉੱਤੇ ਕਿਸੇ ਦਾ ਵੀ ਨਾਮ ਨਾ ਲਿਖਿਆ ਜਾਵੇ।

ਕਾਰਡ 1: ਮੈਂ ਆਪਣੇ ਬਾਰੇ ਕੀ ਮਹਿਸੂਸ ਕਰਦਾ ਹਾਂ? (ਖੁਸ਼ ਜਾਂ ਉਦਾਸ ਚਿਹਰਾ ਬਣਾਓ।) ਕੀ ਮੈਂ ਮਹਿਸੂਸ ਕਰਦਾ ਹਾਂ ਕਿ ਸਭ ਮੈਨੂੰ ਪ੍ਰੇਮ ਕਰਦੇ ਹਨ? ਕੀ ਮੈਂ ਮਹਿਸੂਸ ਕਰਦਾ ਹਾਂ ਕਿ ਮੇਰਾ ਸਮਾਜ ਮੈਨੂੰ ਕਬੂਲ ਕਰਦਾ ਹੈ? ਮੈਂ ਕਿਹੜੇ ਕੰਮ ਚੰਗੀ ਤਰ੍ਹਾਂ ਕਰ ਸਕਦਾ ਹਾਂ? ਮੈਨੂੰ ਕੀ ਕਰਨਾ ਚੰਗਾ ਲਗਦਾ ਹੈ? ਮੇਰਾ ਮਨਪਸੰਦ ਜਾਨਵਰ ਕਿਹੜਾ ਹੈ? ਮੇਰਾ ਮਨਪਸੰਦ ਭੋਜਨ ਕੀ ਹੈ? ਮੇਰੇ ਸੁਫਨੇ ਕੀ ਹਨ? ਮੈਂ ਕਿਸ ਤੋਂ ਡਰਦਾ ਹਾਂ?

ਕਾਰਡ 2: ਮੇਰੇ ਪਰਿਵਾਰ ਵਿੱਚ ਕੌਣ-ਕੌਣ ਹੈ? ਮੇਰੇ ਪਰਿਵਾਰ ਦੀ ਸਿਹਤ ਕਿਹੋ ਜਿਹੀ ਹੈ? ਮੇਰਾ ਪਰਿਵਾਰ ਕਿਸ ਦੇਵਤੇ ਵਿੱਚ ਆਸਥਾ ਰੱਖਦਾ ਹੈ? ਮੇਰੇ ਉੱਤੇ ਅਧਿਕਾਰ ਰੱਖਣ ਵਾਲੇ ਲੋਕ ਕਿਹੋ ਜਿਹੇ ਹਨ? (ਖੁਸ਼ ਜਾਂ ਉਦਾਸ ਚਿਹਰਾ ਬਣਾਓ।)

ਕਾਰਡ 3: ਮੈਂ ਆਪਣੇ ਜੀਵਨ ਬਾਰੇ ਕੀ ਮਹਿਸੂਸ ਕਰਦਾ ਹਾਂ? (ਖੁਸ਼ ਜਾਂ ਉਦਾਸ ਚਿਹਰਾ ਬਣਾਓ।) ਬਚਪਨ ਵਿੱਚ ਮੈਂ ਕਿਹੜੀ ਇੱਕ ਗੱਲ ਸਿੱਖੀ ਸੀ? ਜਿਸ ਵਿਅਕਤੀ ਨੇ ਮੈਨੂੰ ਇਹ ਗੱਲ ਸਿਖਾਈ ਸੀ, ਉਹ ਕਿਹੋ ਜਿਹਾ ਸੀ? ਕਿਹੜੇ ਵਿਸ਼ੇ ਨੂੰ ਸਿੱਖਣਾ ਸਭ ਤੋਂ ਸੌਖਾ ਸੀ? ਮੈਂ ਕਿਹੜੀਆਂ ਥਾਂਵਾਂ 'ਤੇ ਸੁਰੱਖਿਅਤ ਮਹਿਸੂਸ ਨਹੀਂ ਕਰਦਾ? ਮੈਂ ਕਿਹੜੀਆਂ ਥਾਂਵਾਂ 'ਤੇ ਸੁਰੱਖਿਅਤ ਮਹਿਸੂਸ ਕਰਦਾ ਹਾਂ?

ਕਾਰਡ 4: ਜਿਸ ਥਾਂ 'ਤੇ ਮੈਂ ਰਹਿੰਦਾ ਹਾਂ, ਉਸ ਬਾਰੇ ਮੈਨੂੰ ਕੀ ਚੰਗਾ ਲੱਗਦਾ ਹੈ? ਜਿਸ ਥਾਂ 'ਤੇ ਮੈਂ ਰਹਿੰਦਾ ਹਾਂ, ਉਸ ਬਾਰੇ ਮੈਨੂੰ ਕੀ ਚੰਗਾ ਨਹੀਂ ਲੱਗਦਾ? ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਦੇ ਬਜ਼ੁਰਗ ਲੋਕ ਕੀ ਕਰਦੇ ਹਨ? ਬਜ਼ੁਰਗ ਲੋਕ ਮੇਰੀ ਮਦਦ ਕਿਵੇਂ ਕਰਦੇ ਹਨ?

**ਕਦਮ 3:** ਸਾਰੇ ਜਣੇ ਕਾਰਡਾਂ ਉੱਤੇ ਜਾਣਕਾਰੀ ਲਿਖਣ ਤੋਂ ਬਾਅਦ ਆਪਣੇ-ਆਪਣੇ ਕਾਰਡ ਤੁਹਾਨੂੰ ਦੇ ਦੇਣ। ਇਨ੍ਹਾਂ ਨੂੰ ਉਨ੍ਹਾਂ ਦੇ ਚਾਰ-ਚਾਰ ਦੇ ਸਮੂਹ ਵਿੱਚ ਰੱਖੋ।

**ਕਦਮ 4:** ਹਰੇਕ ਵਿਅਕਤੀ ਨੂੰ ਹੁਣ ਉਹ ਚਾਰ ਕਾਰਡ ਦਿਓ ਜੋ ਉਨ੍ਹਾਂ ਦੇ ਆਪਣੇ ਨਹੀਂ ਹਨ। ਹਰੇਕ ਦੀ ਪਛਾਣ ਗੁਪਤ ਰਹੇ ਅਤੇ ਕਿਸੇ ਨੂੰ ਵੀ ਇਹ ਪਤਾ ਨਾ ਲੱਗੇ ਕਿ ਕਿਸ ਨੂੰ ਕਿਸ ਦੇ ਚਾਰ ਕਾਰਡ ਦਿੱਤੇ ਗਏ ਹਨ।

**ਕਦਮ 5:** ਇੱਕ-ਇੱਕ ਕਰਕੇ ਹਰੇਕ ਵਿਅਕਤੀ ਉਹ ਕਾਰਡ ਸਾਰਿਆਂ ਨੂੰ ਪੜ੍ਹ ਕੇ ਸੁਣਾਏ ਜੋ ਉਸ ਨੂੰ ਦਿੱਤੇ ਗਏ ਹਨ।

## ਸਮੂਹਕ ਚਰਚਾ

ਕਾਰਡਾਂ ਦੇ ਨਤੀਜੇ ਬਾਰੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਹਰੇਕ ਵਿਅਕਤੀ ਆਪਣੇ ਬਾਰੇ ਜਾਂ ਆਪਣੇ ਹਾਲਾਤਾਂ ਬਾਰੇ ਜੋ ਮਹਿਸੂਸ ਕਰਦਾ ਹੈ, ਉਨ੍ਹਾਂ ਵਿੱਚ ਤੁਸੀਂ **ਕੀ** ਸ਼ੈਲੀ ਅਤੇ ਸੰਬੰਧ ਵੇਖਦੇ ਹੋ?

ਹਰੇਕ ਵਿਅਕਤੀ ਵਿੱਚ ਕੁਝ ਭਿੰਨਤਾਵਾਂ **ਕੀ** ਹਨ?

ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਨੂੰ ਕਬੂਲ ਕੀਤਾ ਜਾਵੇ। ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਨੂੰ ਪ੍ਰੇਮ ਕੀਤਾ ਜਾਵੇ। ਜਦ ਅਸੀਂ ਲੋਕਾਂ ਵੱਲੋਂ ਕਬੂਲ ਅਤੇ ਪ੍ਰੇਮ ਕੀਤੇ ਜਾਣ ਦੀ ਆਸ ਰੱਖਦੇ ਹਾਂ, ਤਾਂ ਉਹ ਲੋਕ ਅਤੇ ਇਹ ਹਾਲਾਤ ਸਾਨੂੰ ਆਪਣੇ ਕਾਬੂ ਵਿੱਚ ਕਰਨ ਦੀ ਤਾਕਤ ਰੱਖਦੇ ਹਨ।

**ਉਤਪਤ 29:31-35** ਨੂੰ ਪੜ੍ਹੋ।

## ਸਮੂਹਕ ਚਰਚਾ

ਲੇਆਹ ਅਤੇ ਪਰਮੇਸ਼ੁਰ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

**ਆਇਤ 31** ਪਰਮੇਸ਼ੁਰ ਲੇਆਹ ਬਾਰੇ ਕੀ ਜਾਣਦਾ ਸੀ?

ਉਸ ਨੂੰ ਪ੍ਰੇਮ ਨਹੀਂ ਮਿਲਿਆ ਸੀ।

**ਆਇਤ 32** ਲੇਆਹ ਨੂੰ ਕੀ ਆਸ ਸੀ ਕਿ ਪੁੱਤਰ ਨੂੰ ਜਨਮ ਦੇਣ ਦੇ ਨਤੀਜੇ ਵਜੋਂ ਕੀ ਹੋਵੇਗਾ?

ਉਸ ਦਾ ਪਤੀ ਉਸ ਨੂੰ ਪ੍ਰੇਮ ਕਰੇਗਾ।

**ਆਇਤ 33** ਕੀ ਲੇਆਹ ਦੇ ਪੁੱਤਰ ਨੂੰ ਜਨਮ ਦੇਣ ਦੇ ਨਤੀਜੇ ਵਜੋਂ ਲੇਆਹ ਦਾ ਪਤੀ ਉਸ ਨੂੰ ਪ੍ਰੇਮ ਕਰਨ ਲੱਗਾ?

ਨਹੀਂ।

**ਆਇਤ 34** ਕੀ ਲੇਆਹ ਦੇ ਤਿੰਨ ਪੁੱਤਰਾਂ ਨੂੰ ਜਨਮ ਦੇਣ ਤੋਂ ਬਾਅਦ ਲੇਆਹ ਦਾ ਪਤੀ ਉਸ ਨੂੰ ਪ੍ਰੇਮ ਕਰਨ ਲੱਗਾ?

ਨਹੀਂ।

**ਆਇਤ 35** ਚਾਰ ਪੁੱਤਰਾਂ ਨੂੰ ਜਨਮ ਦੇਣ ਤੋਂ ਬਾਅਦ ਲੇਆਹ ਨੇ ਕੀ ਕਿਹਾ?

ਹੁਣ ਮੈਂ ਪ੍ਰਭੂ ਦੀ ਵਡਿਆਈ ਕਰਾਂਗੀ।

ਪਰਮੇਸ਼ੁਰ ਜਾਣਦਾ ਹੈ ਕਿ ਸਾਨੂੰ ਪ੍ਰੇਮ ਅਤੇ ਕਬੂਲ ਕੀਤੇ ਜਾਣ ਦੀ ਲੋੜ ਹੈ। ਪਰਮੇਸ਼ੁਰ ਨੇ ਲੇਆਹ ਦੇ ਹਿਰਦੇ ਦੀ ਚਾਹਤ ਪੂਰੀ ਕਰਦਿਆਂ ਉਸ ਨੂੰ ਪੁੱਤਰ ਬਖ਼ਸ਼ਿਆ ਅਤੇ ਦਰਸਾਇਆ ਕਿ ਉਹ ਲੇਆਹ ਨੂੰ ਕਿੰਨਾ ਪ੍ਰੇਮ ਕਰਦਾ ਹੈ। ਪਰਮੇਸ਼ੁਰ ਦੀ ਯੋਜਨਾ ਵਿੱਚ ਲੇਆਹ ਦਾ ਵੀ ਇੱਕ ਸਥਾਨ ਸੀ। ਉਸ ਦੇ ਚੌਥੇ ਪੁੱਤਰ ਦੇ ਗੋਤਰ ਵਿੱਚੋਂ ਯਿਸੂ ਦਾ ਜਨਮ ਹੋਇਆ, ਪਰਮੇਸ਼ੁਰ ਨੇ ਸਰੀਰ ਅਤੇ ਲਹੂ ਧਾਰਨ ਕੀਤਾ ਅਤੇ ਪੁਰਾਤਨ ਇਸਰਾਏਲ ਦੇ ਬਾਰਾਂ ਗੋਤਰਾਂ ਵਿੱਚੋਂ ਇੱਕ ਵਿੱਚ ਜਨਮ ਲਿਆ। ਜਦ ਅਸੀਂ ਜਾਣ ਜਾਂਦੇ ਹਾਂ ਕਿ ਪਰਮੇਸ਼ੁਰ ਸਾਨੂੰ ਕਿੰਨਾ ਪ੍ਰੇਮ ਕਰਦਾ ਹੈ, ਕਿਵੇਂ ਉਹ ਸਾਨੂੰ ਉਵੇਂ ਕਬੂਲ ਕਰਦਾ ਹੈ ਜਿਵੇਂ ਅਸੀਂ ਹਾਂ, ਅਸੀਂ ਉਸ ਦੀਆਂ ਨਜ਼ਰਾਂ ਵਿੱਚ ਕਿੰਨੇ ਸੁੰਦਰ ਹਾਂ, ਅਤੇ ਉਸ ਨੇ ਸਾਨੂੰ ਆਪਣੀ ਯੋਜਨਾ ਲਈ ਸਰਿਸ਼ਟੀ ਨੂੰ ਸਿਰਜਣ ਤੋਂ ਪਹਿਲਾਂ ਹੀ ਚੁਣ ਲਿਆ ਸੀ, ਉਦੋਂ ਅਸੀਂ ਅਸਲ ਵਿੱਚ ਅਜ਼ਾਦ ਹੁੰਦੇ ਹਾਂ ਕਿਉਂਕਿ ਹੁਣ ਅਸੀਂ ਲੋਕਾਂ ਵੱਲੋਂ ਪ੍ਰੇਮ ਜਾਂ ਕਬੂਲ ਕੀਤੇ ਜਾਣ ਦੇ ਜਤਨ ਨਹੀਂ ਕਰਦੇ। ਹੁਣ ਅਸੀਂ ਇਸ ਅਸਲੀਅਤ ਵਿੱਚ ਜੀਵਨ ਬਤੀਤ ਕਰਦੇ ਹਾਂ ਕਿ ਉਸ ਦਾ ਪ੍ਰੇਮ ਅਤੇ ਉਸ ਵੱਲੋਂ ਕਬੂਲ ਕੀਤਾ ਜਾਣਾ ਸਾਡੇ ਲਈ ਕਾਫੀ ਹੈ।

ਜਦ ਅਸੀਂ ਜਾਣ ਜਾਂਦੇ ਹਾਂ ਕਿ ਸਾਨੂੰ ਉਵੇਂ ਕਬੂਲ ਕੀਤਾ ਗਿਆ ਹੈ, ਜਿਵੇਂ ਅਸੀਂ ਹਾਂ, ਤਾਂ ਸਾਨੂੰ **ਕੀ** ਕਰਨ ਦੀ ਤਾਕਤ ਮਿਲ ਜਾਂਦੀ ਹੈ?
**ਰੋਮੀਆਂ 15:7** ਨੂੰ ਪੜ੍ਹੋ।

ਸਾਨੂੰ ਲੋਕਾਂ ਨੂੰ ਉਵੇਂ ਕਬੂਲ ਕਰਨ ਦੀ ਤਾਕਤ ਮਿਲ ਜਾਂਦੀ ਹੈ ਜਿਵੇਂ ਉਹ ਹਨ, ਕਿਉਂਕਿ ਮੈਨੂੰ ਉਵੇਂ ਕਬੂਲ ਕੀਤਾ ਗਿਆ ਹੈ ਜਿਵੇਂ ਮੈਂ ਹਾਂ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ? **ਰਸੂਲਾਂ 10:34** ਨੂੰ ਪੜ੍ਹੋ।

ਪਰਮੇਸ਼ੁਰ ਸਭਨਾਂ ਲੋਕਾਂ ਨੂੰ ਉਵੇਂ ਕਬੂਲ ਕਰਦਾ ਹੈ ਜਿਵੇਂ ਉਹ ਹਨ। ਉਹ ਮੈਨੂੰ ਉਵੇਂ ਕਬੂਲ ਕਰਦਾ ਹੈ ਜਿਵੇਂ ਮੈਂ ਹਾਂ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 10: ਪਛਾਣ – ਆਤਮਾ ਤੋਂ ਜੰਮੇ

*ਪਰਮੇਸ਼ੁਰ ਆਤਮਾ ਹੈ ਪਰ ਸਰੀਰ ਅਤੇ ਲਹੂ ਧਾਰਨ ਕਰਕੇ ਜੰਮਿਆ, ਤਾਂ ਜੋ ਉਨ੍ਹਾਂ ਸਭਨਾਂ ਦੇ ਲਈ, ਜਿਹੜੇ ਸਰੀਰ ਅਤੇ ਲਹੂ ਤੋਂ ਜੰਮੇ ਹਨ, ਸਰੀਰ ਅਤੇ ਲਹੂ ਦਾ ਬਲੀਦਾਨ ਬਣੇ, ਤਾਂ ਜੋ ਉਹ ਜਿਹੜੇ ਸਰੀਰ ਅਤੇ ਲਹੂ ਹਨ ਆਤਮਾ ਤੋਂ ਜਨਮ ਲੈ ਸਕਣ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਮੈਂ ਆਤਮਾ ਤੋਂ ਜੰਮਿਆ ਹਾਂ ਅਤੇ ਪਰਮੇਸ਼ੁਰ ਦੀ ਸੰਤਾਨ ਹਾਂ।

## ਬਾਈਬਲ ਅਧਿਐਨ

ਅਸੀਂ ਸਿੱਖਿਆ ਹੈ ਕਿ ਜਿਹੜੇ ਵਿਸ਼ਵਾਸੀ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਦੇ ਹਨ ਉਹ ਆਪਣੇ ਅੰਦਰ ਪਰਮੇਸ਼ੁਰ ਦੇ ਆਤਮਾ ਅਰਥਾਤ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਦੇ ਹਨ। ਇਹ ਸਾਡੀ ਮੌਜੂਦਾ ਮਿਲਖ ਹੈ। ਅਸੀਂ ਪਰਮੇਸ਼ੁਰ ਦੀ ਸੰਤਾਨ ਹਾਂ (ਸ਼ਾਹੀ ਪਰਿਵਾਰ ਵਿੱਚ ਜੰਮੇ ਜੇਠੇ ਪੁੱਤਰ ਵਾਂਗ), ਯਿਸੂ ਦੇ ਨਾਲ ਸੰਗੀ ਵਾਰਿਸ ਹਾਂ, ਧਰਤੀ ਉੱਤੇ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਪਰਮੇਸ਼ੁਰ ਦੇ ਰਾਜ ਵਿੱਚ ਜੀ ਰਹੇ ਹਾਂ।

ਪਰਮੇਸ਼ੁਰ ਨੇ ਸਾਡੇ ਵਰਗਾ ਬਣਨ ਦੀ ਚੋਣ ਕੀਤੀ ਕਿਉਂਕਿ ਉਹ ਸਾਨੂੰ ਪ੍ਰੇਮ ਕਰਦਾ ਹੈ ਅਤੇ ਇਤਿਹਾਸ ਦੇ ਉਸ ਸਮੇਂ ਵਿੱਚ ਯਿਸੂ, ਪਵਿੱਤਰ ਆਤਮਾ ਦੀ ਸ਼ਕਤੀ ਦੇ ਨਾਲ ਸਰੀਰ ਅਤੇ ਲਹੂ ਧਾਰਨ ਕਰਕੇ ਇੱਕ ਇਸਤਰੀ ਤੋਂ ਜੰਮਿਆ, ਤਾਂ ਜੋ ਅਸੀਂ ਜੋ ਸਰੀਰ ਅਤੇ ਲਹੂ ਹਾਂ, ਯਿਸੂ ਦੇ ਸਰੀਰ ਅਤੇ ਲਹੂ ਦੇ ਸਿੱਧ ਅਤੇ ਸਦੀਪਕ ਬਲੀਦਾਨ ਉੱਤੇ ਵਿਸ਼ਵਾਸ ਕਰਕੇ ਅਤੇ ਉਸ ਨੂੰ ਕਬੂਲ ਕਰਕੇ ਆਤਮਾ ਤੋਂ ਜਨਮ ਲੈ ਸਕੀਏ।

**ਯੂਹੰਨਾ 1:12-13** ਨੂੰ ਪੜ੍ਹੋ।

ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਅਧਿਐਨ ਕਰਾਂਗੇ ਕਿ ਸਰੀਰ ਅਤੇ ਲਹੂ ਵਿੱਚ ਜਨਮ ਲੈਣ ਵਾਲੇ ਮਨੁੱਖਾਂ ਨੂੰ ਆਤਮਾ ਵਿੱਚ ਜਨਮ ਲੈਣ ਦੀ ਲੋੜ ਕਿਉਂ ਹੈ।

**1 ਕੁਰਿੰਥੀਆਂ 15:47-51** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਪਹਿਲੇ ਆਦਮ (ਸਰੀਰ ਅਤੇ ਲਹੂ ਤੋਂ ਜੰਮਿਆ) ਅਤੇ ਦੂਸਰੇ ਆਦਮ (ਯਿਸੂ, ਜੋ ਆਤਮਾ ਸੀ ਪਰ ਸਰੀਰ ਅਤੇ ਲਹੂ ਧਾਰਨ ਕੀਤਾ) ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਹਿਲਾ ਆਦਮ **ਕਿਸ** ਚੀਜ਼ ਦਾ ਬਣਿਆ ਸੀ?

ਮਿੱਟੀ ਦਾ।

ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਨ ਤੋਂ ਪਹਿਲਾਂ ਸਾਨੂੰ **ਕਿਸ** ਦਾ ਸਰੂਪ, ਸਮਾਨਤਾ ਅਤੇ ਪਛਾਣ ਮਿਲੇ ਸਨ?

ਪਹਿਲੇ ਆਦਮ – ਮਿੱਟੀ ਦੇ ਮਨੁੱਖ ਦਾ।

ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਨ ਤੋਂ ਬਾਅਦ ਸਾਨੂੰ **ਕਿਸ** ਦਾ ਸਰੂਪ, ਸਮਾਨਤਾ ਅਤੇ ਪਛਾਣ ਮਿਲੇ ਹਨ?

ਦੂਜੇ ਆਦਮ – ਸੁਰਗ ਦੇ ਪ੍ਰਭੂ ਯਿਸੂ ਦਾ।

ਇਹ ਸਾਡੀ ਮੌਜੂਦਾ ਮਿਲਖ ਹੈ। ਸਾਨੂੰ ਯਿਸੂ ਦੀ ਪਛਾਣ ਮਿਲ ਗਈ ਹੈ, ਅਸੀਂ ਸਰੀਰ ਅਤੇ ਲਹੂ ਹਾਂ ਪਰ ਉਸ ਦੇ ਪਵਿੱਤਰ ਆਤਮਾ ਤੋਂ ਜੰਮੇ ਹੋਏ ਹਾਂ, ਪਰਮੇਸ਼ੁਰ ਦੀ ਸੰਤਾਨ (ਸ਼ਾਹੀ ਪਰਿਵਾਰ ਵਿੱਚ ਜੰਮੇ ਜੇਠੇ ਪੁੱਤਰ ਵਾਂਗ), ਯਿਸੂ ਦੇ ਨਾਲ ਸੰਗੀ ਵਾਰਿਸ ਹਾਂ, ਧਰਤੀ ਉੱਤੇ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਪਰਮੇਸ਼ੁਰ ਦੇ ਰਾਜ ਵਿੱਚ ਜੀ ਰਹੇ ਹਾਂ।

**1 ਕੁਰਿੰਥੀਆਂ 15:50-55** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਮਿੱਟੀ ਤੋਂ ਬਣੇ ਆਦਮ (ਸਰੀਰ ਅਤੇ ਲਹੂ ਤੋਂ ਜੰਮਿਆ) ਦੀ ਪਛਾਣ ਅਤੇ ਯਿਸੂ, ਜੋ ਆਤਮਾ ਸੀ (ਜਿਸ ਨੇ ਸਰੀਰ ਅਤੇ ਲਹੂ ਧਾਰਨ ਕੀਤਾ) ਦੀ ਪਛਾਣ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਸਰੀਰ ਅਤੇ ਲਹੂ ਤੋਂ ਜੰਮੇ ਆਦਮ ਦਾ ਸੁਭਾਅ ਅਤੇ ਪਛਾਣ **ਕੀ** ਹੈ?

ਬਰਬਾਦ, ਬੇਈਮਾਨ, ਨਾਸਵਾਨ, ਅਤੇ ਮੌਤ ਵੱਲ ਵਧ ਰਿਹਾ ਹੈ।

ਯਿਸੂ ਦਾ ਸੁਭਾਅ ਅਤੇ ਪਛਾਣ **ਕੀ** ਹੈ?

ਕਦੇ ਬਰਬਾਦ ਨਹੀਂ ਹੁੰਦਾ, ਇਮਾਨਦਾਰ ਹੈ, ਅਮਰ ਹੈ, ਜੀਵਨ ਵੱਲ ਵਧ ਰਿਹਾ ਹੈ।

ਪਹਿਲਾ ਆਦਮ ਬਰਬਾਦ ਬੀਜ ਬਣਿਆ, ਕਿਉਂਕਿ ਉਸ ਨੇ ਦੁਸ਼ਟ ਦੇ ਧੋਖੇ ਵਿੱਚ ਸ਼ਾਮਲ ਹੋ ਕੇ ਭਲੇ ਅਤੇ ਬੁਰੇ ਦੇ ਗਿਆਨ ਦੇ ਫਲ ਨੂੰ ਖਾਧਾ, ਉਸ ਵਿੱਚ ਹਿੱਸਾ ਪਾਇਆ ਅਤੇ ਉਸ ਦੇ ਨਾਲ ਇੱਕ ਹੋ ਗਿਆ। ਇਸ ਦੇ ਨਤੀਜੇ ਵਜੋਂ ਸਾਰੇ ਮਨੁੱਖ ਇਸ ਬਰਬਾਦ ਸੁਭਾਅ ਦੇ ਨਾਲ ਪੈਦਾ ਹੁੰਦੇ ਹਨ। ਦੂਜਾ ਆਦਮ ਯਿਸੂ, ਪਵਿੱਤਰ ਆਤਮਾ ਦੇ ਬੀਜ ਦੇ ਰਾਹੀਂ, ਅਜਿਹਾ ਬੀਜ ਜਿਹੜਾ ਕਦੇ ਬਰਬਾਦ ਨਹੀਂ ਹੁੰਦਾ, ਇੱਕ ਇਸਤਰੀ ਤੋਂ ਸਰੀਰ ਅਤੇ ਲਹੂ ਧਾਰਨ ਕਰਕੇ ਜੰਮਿਆ। ਯਿਸੂ ਸਰੀਰ ਅਤੇ ਲਹੂ ਦਾ ਸਿੱਧ ਬਲੀਦਾਨ ਹੈ।

**ਰੋਮੀਆਂ 5:14-19** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਮਿੱਟੀ ਤੋਂ ਬਣੇ ਆਦਮ (ਸਰੀਰ ਅਤੇ ਲਹੂ ਤੋਂ ਜੰਮਿਆ) ਦੇ ਨਤੀਜਿਆਂ ਅਤੇ ਯਿਸੂ, ਜੋ ਆਤਮਾ ਸੀ (ਜਿਸ ਨੇ ਸਰੀਰ ਅਤੇ ਲਹੂ ਧਾਰਨ ਕੀਤਾ) ਦੇ ਨਤੀਜਿਆਂ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਹਿਲੇ ਆਦਮ ਦੇ ਅਪਰਾਧ ਦਾ **ਕੀ** ਨਤੀਜਾ ਨਿਕਲਿਆ?

**ਆਇਤ 16** ਅਪਰਾਧੀ ਠਹਿਰਾਇਆ ਗਿਆ।

**ਆਇਤ 17** ਮੌਤ ਨੇ ਰਾਜ ਕੀਤਾ।

ਦੂਜੇ ਆਦਮ ਦੇ ਬਲੀਦਾਨ ਨੂੰ ਕਬੂਲ ਕਰਨ ਵਾਲਿਆਂ ਲਈ ਇਸ ਦਾ **ਕੀ** ਨਤੀਜਾ ਨਿਕਲਿਆ?

**ਆਇਤ 18** ਅਪਰਾਧ ਮਾਫ਼ ਹੋਏ, ਬੇਕਸੂਰ ਐਲਾਨੇ ਗਏ।

**ਆਇਤ 19** ਯਿਸੂ ਵਿੱਚ ਜੀਵਨ ਰਾਜ ਕਰਦਾ ਹੈ।

**ਕੁਲੁੱਸੀਆਂ 2:13-15** ਨੂੰ ਪੜ੍ਹੋ।

ਪਹਿਲੇ ਆਦਮ ਦੇ ਅਪਰਾਧ ਦਾ **ਕੀ** ਨਤੀਜਾ ਨਿਕਲਿਆ?

**ਆਇਤ 13** ਪਰਮੇਸ਼ੁਰ ਅਤੇ ਸੰਗੀ ਮਨੁੱਖਾਂ ਦੇ ਵਿਰੁੱਧ ਅਪਰਾਧਾਂ ਵਿੱਚ ਮਰ ਗਏ ਅਤੇ ਸਰੀਰ ਦੀਆਂ ਸੁਆਰਥੀ ਲਾਲਸਾਵਾਂ ਵਿੱਚ ਫਸ ਗਏ।

ਦੂਜੇ ਆਦਮ ਦੇ ਬਲੀਦਾਨ ਨੂੰ ਕਬੂਲ ਕਰਨ ਵਾਲਿਆਂ ਲਈ ਇਸ ਦਾ **ਕੀ** ਨਤੀਜਾ ਨਿਕਲਿਆ?

**ਆਇਤ 13** ਅਸੀਂ ਉਸ ਦੇ ਨਾਲ ਜੀਉਂਦੇ ਕੀਤੇ ਗਏ ਹਾਂ ਕਿਉਂਕਿ ਸਾਡੇ ਸਾਰੇ ਅਪਰਾਧ ਮਾਫ਼ ਕਰ ਦਿੱਤੇ ਗਏ ਹਨ।

**ਆਇਤ 14** ਹੁਣ ਅਪਰਾਧੀ ਨਹੀਂ ਹਨ।

**ਆਇਤ 15** ਸਾਰੇ ਅਧਿਕਾਰੀਆਂ ਅਤੇ ਤਾਕਤਾਂ ਉੱਤੇ ਜਿੱਤ ਪ੍ਰਾਪਤ ਹੋਈ, ਉਹ ਹੁਣ ਹਾਰ ਚੁੱਕੇ ਹਨ ਅਤੇ ਸ਼ਕਤੀਹੀਣ ਕੈਦੀ ਬਣ ਕੇ ਰਹਿ ਗਏ ਹਨ।

ਇਹ ਸਾਡੀ ਮੌਜੂਦਾ ਮਿਲਖ ਹੈ। ਸਾਨੂੰ ਮਾਫ਼ੀ ਮਿਲ ਗਈ ਹੈ, ਅਸੀਂ ਮੌਤ, ਸਜ਼ਾ, ਨਿਆਂ ਅਤੇ ਅਪਰਾਧ ਤੋਂ ਮੁਕਤ ਕਰ ਦਿੱਤੇ ਗਏ ਹਾਂ। ਅਸੀਂ ਜੀਉਂਦੇ ਕਰ ਦਿੱਤੇ ਗਏ ਹਾਂ ਅਤੇ ਇਸ ਜੀਵਨ ਵਿੱਚ ਅਸੀਂ ਆਪਣੇ ਸਰੀਰਕ ਸੁਭਾਅ, ਅਤੇ ਯਿਸੂ ਦੇ ਰਾਜ ਅਤੇ ਹਕੂਮਤ ਦੇ ਵਿਰੁੱਧ ਉੱਠਣ ਵਾਲੇ ਸਾਰੇ ਦੁਸ਼ਟ ਆਤਮਿਆਂ ਅਤੇ ਸਾਰੀਆਂ ਤਾਕਤਾਂ ਉੱਤੇ ਰਾਜ ਕਰਦੇ ਹਾਂ। ਸ਼ਤਾਨ ਅਤੇ ਉਸ ਦੇ ਦੁਸ਼ਟ ਆਤਮੇ ਹੁਣ ਸਾਡੇ ਉੱਤੇ ਕਿਸੇ ਅਪਰਾਧ ਜਾਂ ਬੇਸ਼ਰਮੀ ਦਾ ਕੋਈ ਦੋਸ਼ ਨਹੀਂ ਲਗਾ ਸਕਦੇ ਕਿਉਂਕਿ ਯਿਸੂ ਦੀ ਸਲੀਬੀ ਜਿੱਤ ਦੇ ਦੁਆਰਾ ਉਨ੍ਹਾਂ ਦੀ ਸਾਰੀ ਸ਼ਕਤੀ ਉਨ੍ਹਾਂ ਤੋਂ ਖੋਹ ਲਈ ਗਈ ਹੈ।

ਅਸੀਂ ਸਰੀਰ ਅਤੇ ਲਹੂ ਹਾਂ ਜੋ ਆਤਮਾ ਤੋਂ ਜੰਮੇ ਹਾਂ, ਬੁਰਿਆਈ ਨਾਲ ਨੁਕਸਾਨੇ ਹੋਏ ਇਸ ਸੰਸਾਰ ਵਿੱਚ ਜੀਉਂਦੇ ਕੀਤੇ ਜਾ ਕੇ ਯਿਸੂ ਦੀ ਜਿੱਤ ਵਿੱਚ ਜੀ ਰਹੇ ਹਾਂ।

ਸਾਨੂੰ ਭਵਿੱਖ ਵਿੱਚ ਵੀ ਇੱਕ ਮਿਲਖ ਮਿਲੇਗੀ।

**1 ਕੁਰਿੰਥੀਆਂ 15:20-23** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਇਨ੍ਹਾਂ ਆਇਤਾਂ ਵਿੱਚੋਂ ਮਿੱਟੀ ਤੋਂ ਬਣੇ ਆਦਮ (ਸਰੀਰ ਅਤੇ ਲਹੂ ਤੋਂ ਜੰਮਿਆ) ਦੇ ਨਤੀਜਿਆਂ ਅਤੇ ਯਿਸੂ, ਜੋ ਆਤਮਾ ਸੀ (ਜਿਸ ਨੇ ਸਰੀਰ ਅਤੇ ਲਹੂ ਧਾਰਨ ਕੀਤਾ) ਦੇ ਨਤੀਜਿਆਂ ਬਾਰੇ ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਮ੍ਰਿਤਕਾਂ ਵਿੱਚੋਂ **ਕੌਣ** ਜੀ ਉੱਠਿਆ ਹੈ?

ਯਿਸੂ।

ਜਦ ਯਿਸੂ ਮਸੀਹ ਆਪਣੇ ਸਾਰੇ ਪਰਤਾਪ ਵਿੱਚ ਇਸ ਸੰਸਾਰ ਵਿੱਚ ਵਾਪਿਸ ਆਵੇਗਾ, ਤਦ ਮ੍ਰਿਤਕਾਂ ਵਿੱਚੋਂ **ਕੌਣ** ਜੀ ਉੱਠਣਗੇ ਅਤੇ ਅਜਿਹੇ ਸਿੱਧ ਸਰੀਰ ਪ੍ਰਾਪਤ ਕਰਨਗੇ ਜਿਹੜੇ ਬੁੱਢੇ ਨਹੀਂ ਹੋਣਗੇ, ਰੋਗੀ ਨਹੀਂ ਹੋਣਗੇ, ਕਮਜ਼ੋਰ ਨਹੀਂ ਹੋਣਗੇ?

ਉਹ ਸਾਰੇ ਲੋਕ ਜਿਹੜੇ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਉੱਤੇ ਵਿਸ਼ਵਾਸ ਕਰਦੇ ਅਤੇ ਉਸ ਨੂੰ ਕਬੂਲ ਕਰਦੇ ਹਨ, ਕਿਉਂਕਿ ਉਹ ਪਰਮੇਸ਼ੁਰ ਦੀ ਸੰਤਾਨ ਬਣ ਚੁੱਕੇ ਹਨ ਅਤੇ ਆਤਮਾ ਤੋਂ ਜਨਮ ਲੈ ਚੁੱਕੇ ਹਨ।

**ਪਰਕਾਸ਼ 1:8** ਨੂੰ ਪੜ੍ਹੋ।

ਉਹ **ਕੌਣ** ਸੀ ਜੋ ਆਤਮਾ ਤੋਂ ਸੀ, ਸਰੀਰ ਅਤੇ ਲਹੂ ਦਾ ਸਿੱਧ ਬਲੀਦਾਨ ਬਣਿਆ, ਮਰਿਆ, ਸਿੱਧ ਸਰੀਰ ਵਿੱਚ ਜੀ ਉੱਠਿਆ, ਸੁਰਗ ਵਿੱਚ ਚਲਿਆ ਗਿਆ, ਸਦਾ ਲਈ ਜੀਉਂਦਾ ਹੈ ਅਤੇ ਮੌਤ ਤੇ ਸਦੀਪਕਤਾ ਉੱਤੇ ਇਖਤਿਆਰ ਰੱਖਦਾ ਹੈ?

ਯਿਸੂ।

**ਪਰਕਾਸ਼ 1:5-6** ਨੂੰ ਪੜ੍ਹੋ।

ਵਿਸ਼ਵਾਸਯੋਗ ਗਵਾਹ, ਸਿੱਧ ਸਰੀਰ ਵਿੱਚ ਜੀ ਉੱਠਿਆ, ਸਰਬਉੱਚ ਅਧਿਕਾਰ ਰੱਖਣ ਵਾਲਾ ਅਤੇ ਸਭਨਾਂ ਉੱਤੇ ਬਾਦਸ਼ਾਹ **ਕੌਣ** ਹੈ?

ਯਿਸੂ।

ਯਿਸੂ ਨੇ ਇਹ ਸਭ ਸਾਡੇ ਲਈ **ਕਿਉਂ** ਕੀਤਾ?

ਕਿਉਂਕਿ ਉਹ ਸਾਨੂੰ ਪ੍ਰੇਮ ਕਰਦਾ ਹੈ।

ਜਦ ਅਸੀਂ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਉਸ ਨੂੰ ਕਬੂਲ ਕਰਦੇ ਹਨ, ਤਦ ਪਰਮੇਸ਼ੁਰ ਦੀ ਸੰਤਾਨ ਬਣਨ ਅਤੇ ਆਤਮਾ ਤੋਂ ਜਨਮ ਲੈਣ ਤੋਂ ਇਲਾਵਾ ਅਸੀਂ ਹੋਰ **ਕੀ** ਬਣ ਜਾਂਦੇ ਹਾਂ?

ਰਾਜੇ (ਸ਼ਤਾਨ, ਦੁਸ਼ਟ ਆਤਮਿਆਂ ਅਤੇ ਆਪਣੇ ਸਰੀਰ ਉੱਤੇ ਹਕੂਮਤ ਕਰਨ ਵਾਲੇ) ਅਤੇ ਜਾਜਕ (ਪਰਮੇਸ਼ੁਰ ਅਤੇ ਲੋਕਾਂ ਨਾਲ ਪ੍ਰੇਮ ਭਰਿਆ ਸੰਬੰਧ ਰੱਖਣ ਵਾਲੇ)।

ਯਿਸੂ ਮ੍ਰਿਤਕਾਂ ਵਿੱਚੋਂ ਸਿੱਧ ਸਰੀਰ ਦੇ ਨਾਲ ਜੀ ਉੱਠਣ ਵਾਲਾ ਪਹਿਲਾ ਸੀ, ਤਾਂ ਜੋ ਨਾ ਸਿਰਫ ਅਸੀਂ ਬੁਰਿਆਈ ਨਾਲ ਨੁਕਸਾਨੇ ਹੋਏ ਇਸ ਸੰਸਾਰ ਵਿੱਚ ਜੇਤੂ ਵਾਂਗ ਜੀਵਨ ਬਤੀਤ ਕਰੀਏ, ਸਗੋਂ ਸਦੀਪਕਤਾ ਵਿੱਚ ਜੀਵਨ ਬਤੀਤ ਕਰਨ ਦੀ ਭਵਿੱਖ ਦੀ ਆਸ ਵਿੱਚ ਵੀ ਜੀਵਨ ਬਤੀਤ ਕਰ ਸਕੀਏ, ਜਿੱਥੇ ਸਾਡੇ ਸਰੀਰ ਸਿੱਧ ਅਵਸਥਾ ਵਿੱਚ ਜੀ ਉੱਠੇ ਹੋਣਗੇ, ਜਿਹੜੇ ਫਿਰ ਕਦੇ ਬੁੱਢੇ ਨਹੀਂ ਹੋਣਗੇ, ਕਮਜ਼ੋਰ ਨਹੀਂ ਹੋਣਗੇ, ਮਰਨਗੇ ਨਹੀਂ, ਅਜਿਹੇ ਨਵੇਂ ਕੀਤੇ ਹੋਏ ਸੰਸਾਰ ਵਿੱਚ ਜਿੱਥੇ ਕੋਈ ਬੁਰਿਆਈ ਨਹੀਂ ਹੋਵੇਗੀ। ਜਦ ਯਿਸੂ ਧਰਤੀ ਉੱਤੇ ਵਾਪਿਸ ਆਵੇਗਾ, ਤਦ ਅਸੀਂ, ਜਿਨ੍ਹਾਂ ਨੇ ਉਸ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰ ਲਿਆ ਹੈ, ਆਪਣੇ ਸਿੱਧ ਅਵਸਥਾ ਵਿੱਚ ਜੀ ਉੱਠੇ ਸਰੀਰ ਪ੍ਰਾਪਤ ਕਰਾਂਗੇ।

ਮਨੁੱਖਜਾਤੀ ਦੇ ਅਪਰਾਧ ਦੇ ਨਤੀਜੇ ਵਜੋਂ ਪਰਮੇਸ਼ੁਰ ਦੀ ਸਰਿਸ਼ਟੀ ਬੁਰਿਆਈ ਦੇ ਦੁਆਰਾ ਨੁਕਸਾਨੀ ਗਈ। ਉੱਚ-ਨੀਚ, ਅਤਿਆਚਾਰ, ਬੁਰਿਆਈ ਅਤੇ ਮੌਤ ਰਾਜ ਕਰਨ ਲੱਗੇ। ਪਰ ਕਿਉਂਕਿ ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ, ਇਸ ਕਰਕੇ ਯਿਸੂ ਨੇ ਸਰੀਰ ਅਤੇ ਲਹੂ ਧਾਰਨ ਕਰਨ ਦਾ ਫੈਸਲਾ ਕੀਤਾ, ਜੋ ਪਵਿੱਤਰ ਆਤਮਾ ਦੇ ਬੀਜ ਦੁਆਰਾ ਅਤੇ ਇਸਤਰੀ ਤੋਂ ਜਨਮ ਲੈਣ ਰਾਹੀਂ ਹੋਇਆ। ਉਹ ਆਪਣੀ ਸਰਿਸ਼ਟੀ ਵਿੱਚ ਜੇਠੇ ਪੁੱਤਰ ਵਾਂਗ ਆਇਆ, ਤਾਂ ਜੋ ਅਸੀਂ ਸਾਰੇ ਵੀ ਪਰਮੇਸ਼ੁਰ ਦੇ ਪੁੱਤਰ ਬਣ ਸਕੀਏ, ਸਰੀਰ ਅਤੇ ਲਹੂ ਤੋਂ ਜੰਮੇ ਹੋਏ ਹੁਣ ਆਤਮਾ ਤੋਂ ਜਨਮ ਲੈ ਸਕੀਏ, ਅਤੇ ਮੌਜੂਦਾ ਤੇ ਭਵਿੱਖ ਦੀ ਮਿਲਖ ਪ੍ਰਾਪਤ ਕਰ ਸਕੀਏ। ਹਾਲੇਲੂਯਾਹ!

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਰਮੇਸ਼ੁਰ ਬਹੁਤ ਪ੍ਰੇਮ ਕਰਦਾ ਹੈ, ਯਿਸੂ ਦਾ ਸਰੀਰ ਅਤੇ ਲਹੂ ਧਾਰਨ ਕਰਨਾ, ਮਰਨਾ ਅਤੇ ਜੀ ਉੱਠਣਾ ਪਰਮੇਸ਼ੁਰ ਦੀ ਗਵਾਹੀ ਅਤੇ ਸਬੂਤ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 11: ਪਿਆਰਿਆਂ ਵਿੱਚ ਕਬੂਲਿਆ ਜਾਣਾ

*ਦੋ ਮਨੁੱਖੀ ਜ਼ਰੂਰਤਾਂ: ਕਬੂਲ ਕੀਤੇ ਜਾਣ ਅਤੇ ਪ੍ਰੇਮ ਕੀਤੇ ਜਾਣ ਦੀ ਇੱਛਾ ਰੱਖਣਾ।*
*ਪਰਮੇਸ਼ੁਰ ਨੇ ਸਾਨੂੰ ਆਪਣੇ ਪਿਆਰੇ (ਸਭ ਤੋਂ ਪਿਆਰੇ ਯਿਸੂ) ਵਿੱਚ (ਖਾਸ ਸਤਿਕਾਰ ਬਖਸ਼ਦਿਆਂ) ਕਬੂਲ ਕਰ ਲਿਆ ਹੈ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਪਰਮੇਸ਼ੁਰ ਮੈਨੂੰ ਪ੍ਰੇਮ ਕਰਦਾ ਹੈ ਅਤੇ ਮਸੀਹ ਵਿੱਚ ਮੈਨੂੰ ਖਾਸ ਸਤਿਕਾਰ ਅਤੇ ਅਸੀਸਾਂ ਮਿਲੀਆਂ ਹਨ।

## ਬਾਈਬਲ ਅਧਿਐਨ

ਅਸੀਂ ਸਿੱਖਿਆ ਹੈ ਕਿ ਜਿਹੜੇ ਵਿਸ਼ਵਾਸੀ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਦੇ ਹਨ ਉਹ ਆਪਣੇ ਅੰਦਰ ਪਰਮੇਸ਼ੁਰ ਦੇ ਆਤਮਾ ਅਰਥਾਤ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਦੇ ਹਨ। ਇਹ ਸਾਡੀ ਮੌਜੂਦਾ ਮਿਲਖ ਹੈ। ਅਸੀਂ ਪਰਮੇਸ਼ੁਰ ਦੀ ਸੰਤਾਨ (ਸ਼ਾਹੀ ਪਰਿਵਾਰ ਵਿੱਚ ਜੰਮੇ ਜੇਠੇ ਪੁੱਤਰ ਵਾਂਗ), ਯਿਸੂ ਦੇ ਨਾਲ ਸੰਗੀ ਵਾਰਿਸ ਹਾਂ, ਧਰਤੀ ਉੱਤੇ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਪਰਮੇਸ਼ੁਰ ਦੇ ਰਾਜ ਵਿੱਚ ਜੀ ਰਹੇ ਹਾਂ।

ਪਰਮੇਸ਼ੁਰ ਨੇ ਸਾਡੇ ਵਰਗਾ ਬਣਨ ਦੀ ਚੋਣ ਕੀਤੀ ਕਿਉਂਕਿ ਉਹ ਸਾਨੂੰ ਪ੍ਰੇਮ ਕਰਦਾ ਹੈ, ਅਤੇ ਇਤਹਾਸ ਦੇ ਉਸ ਸਮੇਂ ਵਿੱਚ ਯਿਸੂ ਨੇ ਪਵਿੱਤਰ ਆਤਮਾ ਦੇ ਬੀਜ ਦੁਆਰਾ ਇਸਤਰੀ ਤੋਂ ਜਨਮ ਲੈਣ ਰਾਹੀਂ ਸਰੀਰ ਅਤੇ ਲਹੂ ਧਾਰਨ ਕੀਤਾ, ਤਾਂ ਜੋ ਅਸੀਂ, ਜੋ ਸਰੀਰ ਅਤੇ ਲਹੂ ਨਾਲ ਜੰਮੇ ਹਾਂ, ਯਿਸੂ ਦੇ ਸਰੀਰ ਅਤੇ ਲਹੂ ਦੇ ਸਿੱਧ ਬਲੀਦਾਨ ਉੱਤੇ ਵਿਸ਼ਵਾਸ ਕਰਕੇ ਅਤੇ ਉਸ ਨੂੰ ਕਬੂਲ ਕਰਕੇ ਆਤਮਾ ਤੋਂ ਜਨਮ ਲੈ ਸਕੀਏ।

ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਪਿਤਾ ਦੇ ਪ੍ਰੇਮ, ਉਸ ਦੀ ਅਸੀਸ, ਇੱਛਾ (ਦਿਲ ਦੀ ਚਾਹਤ) ਅਤੇ ਸਦੀਪਕਤਾ ਲਈ ਮਨੁੱਖਾਂ ਨੂੰ ਬਚਾਉਣ ਦੇ ਉਸ ਦੇ ਉਦੇਸ਼ ਦਾ ਅਧਿਐਨ ਕਰਾਂਗੇ।

**ਅਫ਼ਸੀਆਂ 1:3-14** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਪਰਮੇਸ਼ੁਰ ਦੀ ਇੱਛਾ ਅਤੇ ਯੋਜਨਾ **ਕੀ** ਹੈ ਜੋ ਉਸ ਨੇ ਸਾਡੇ ਉੱਤੇ ਪਰਗਟ ਕੀਤੀ ਹੈ? **ਆਇਤ 9-10** ਨੂੰ ਪੜ੍ਹੋ।

ਸਮਾਂ ਪੂਰਾ ਹੋਣ 'ਤੇ ਸੁਰਗ ਵਿਚਲਾ ਅਤੇ ਧਰਤੀ ਉਤਲਾ ਸਭ ਕੁਝ ਮਸੀਹ ਵਿੱਚ ਇੱਕ ਹੋ ਜਾਵੇਗਾ।

ਪਰਮੇਸ਼ੁਰ ਪਿਤਾ ਨੇ ਸਾਨੂੰ (ਅਤੀਤ ਵਿੱਚ) **ਕੀ** ਦਿੱਤਾ ਹੈ, ਜੋ ਸਾਨੂੰ ਮੌਜੂਦਾ ਸਮੇਂ ਵਿੱਚ ਮਿਲ ਚੁੱਕਾ ਹੈ? **ਆਇਤ 3** ਨੂੰ ਪੜ੍ਹੋ।

ਹਰੇਕ ਆਤਮਕ ਅਸੀਸ।

ਇਹ ਅਸੀਸ **ਕਿੱਥੇ** ਹੈ?

ਸੁਰਗੀ ਥਾਂਵਾਂ ਵਿੱਚ।

ਇਹ ਸਭ ਕੁਝ ਪ੍ਰਾਪਤ ਕਰਨ ਲਈ ਅਸੀਂ **ਕਿਸ** ਵਿੱਚ ਹਾਂ ਜਾਂ **ਕਿਸ** ਦੇ ਨਾਲ ਇੱਕ ਹਾਂ?

ਮਸੀਹ ਯਿਸੂ।

ਮੌਜੂਦਾ ਸਮੇਂ ਵਿੱਚ ਜਦ ਮਸੀਹ ਸੁਰਗੀ ਥਾਂਵਾਂ ਵਿੱਚ ਅਧਿਕਾਰ ਦੇ ਸਥਾਨ ਉੱਤੇ ਬਿਰਾਜਮਾਨ ਹੈ, ਤਾਂ ਅਸੀਂ ਉਸ ਦੇ ਨਾਲ ਹਾਂ। ਮੌਜੂਦਾ ਸਮੇਂ ਵਿੱਚ ਮਸੀਹ ਵਿੱਚ ਸਾਨੂੰ ਹਰੇਕ ਆਤਮਕ ਅਸੀਸ ਮਿਲ ਗਈ ਹੈ। ਅਗਲੀਆਂ ਕੁਝ ਆਇਤਾਂ ਇਨ੍ਹਾਂ ਅਸੀਸਾਂ ਦਾ ਕੁਝ ਵੇਰਵਾ ਦਿੰਦੀਆਂ ਹਨ।

ਅਸੀਂ (ਮੌਜੂਦਾ ਸਮੇਂ ਵਿੱਚ) ਮਸੀਹ ਵਿੱਚ **ਕੌਣ** ਹਾਂ, ਜੋ ਸਾਨੂੰ ਪਿਤਾ ਪਰਮੇਸ਼ੁਰ ਨੇ (ਅਤੀਤ ਵਿੱਚ) ਦੇ ਦਿੱਤਾ ਹੋਇਆ ਹੈ? ਇਸ ਨੂੰ ਵਿਅਕਤੀਗਤ ਬਣਾਓ ਅਤੇ ਆਪਣੇ ਜਵਾਬ ਵਿੱਚ 'ਮੈਂ ... ਹਾਂ' ਸ਼ਾਮਿਲ ਕਰੋ। **ਆਇਤ 4-6** ਨੂੰ ਪੜ੍ਹੋ।

ਉਦਾਹਰਣ: ਆਪਣੇ ਪਿਤਾ ਦੀ ਇੱਛਾ ਵਿੱਚ ਉਸ ਦੇ ਦਿਲ ਦੀ ਚਾਹਤ ਦੇ ਅਨੁਸਾਰ ਮੈਂ ਪ੍ਰੇਮ ਵਿੱਚ ਚੁਣਿਆ ਗਿਆ ਹਾਂ, ਪਵਿੱਤਰ ਅਤੇ ਨਿਰਦੋਸ਼ ਐਲਾਨ ਕਰਕੇ ਪੁੱਤਰ ਵਜੋਂ ਗੋਦ ਲਿਆ ਗਿਆ ਹਾਂ, (ਮੈਂ ਜਿਵੇਂ ਹਾਂ ਉਵੇਂ ਹੀ) ਪਿਆਰੇ (ਸਭ ਤੋਂ ਪਿਆਰੇ) ਵਿੱਚ ਕਬੂਲ ਕੀਤਾ ਗਿਆ ਹਾਂ।

ਯਿਸੂ ਪਰਮੇਸ਼ੁਰ ਦਾ 'ਪਿਆਰਾ' ਪੁੱਤਰ ਹੈ, ਪਿਤਾ ਦੇ ਪ੍ਰੇਮ ਦਾ ਸਰਬਉੱਚ ਪਾਤਰ ਹੈ। ਅਸੀਂ ਵੀ ਉਸ ਦੇ ਪਿਆਰੇ 'ਪੁੱਤਰ' ਹਾਂ, (ਜਿਵੇਂ ਹਾਂ ਉਵੇਂ ਹੀ) ਕਬੂਲ ਕੀਤੇ ਗਏ ਹਾਂ। ਅਸੀਂ ਮੌਜੂਦਾ ਸਮੇਂ ਵਿੱਚ ਪਿਤਾ ਅਤੇ ਪੁੱਤਰ ਦੇ ਸਿੱਧ ਪ੍ਰੇਮ ਦੇ ਸੰਬੰਧ ਦੀ ਆਤਮਕ ਅਸਲੀਅਤ ਵਿੱਚ ਜੀ ਰਹੇ ਹਾਂ। ਅਸੀਂ ਪਿਤਾ ਦੇ ਦਿਲ ਦੀ ਚਾਹਤ ਹਾਂ।

ਅਸੀਂ (ਮੌਜੂਦਾ ਸਮੇਂ ਵਿੱਚ) ਮਸੀਹ ਵਿੱਚ **ਕੌਣ** ਹਾਂ, ਜੋ ਸਾਨੂੰ ਪਿਤਾ ਪਰਮੇਸ਼ੁਰ ਨੇ (ਅਤੀਤ ਵਿੱਚ) ਦੇ ਦਿੱਤਾ ਹੋਇਆ ਹੈ? ਇਸ ਨੂੰ ਵਿਅਕਤੀਗਤ ਬਣਾਓ ਅਤੇ ਆਪਣੇ ਜਵਾਬ ਵਿੱਚ 'ਮੈਂ ... ਹਾਂ' ਸ਼ਾਮਿਲ ਕਰੋ। **ਆਇਤ 7-8** ਨੂੰ ਪੜ੍ਹੋ।

ਉਦਾਹਰਣ: ਮੈਂ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਦੇ ਰਾਹੀਂ ਪਰਮੇਸ਼ੁਰ ਦੀ ਕਦੇ ਨਾ ਸਮਾਪਤ ਹੋਣ ਵਾਲੀ ਅਤੇ ਭਰਪੂਰ ਕਿਰਪਾ ਦੇ ਦੁਆਰਾ ਸਦੀਪਕਤਾ ਲਈ ਅਜ਼ਾਦ ਕਰ ਲਿਆ ਗਿਆ ਹਾਂ ਅਤੇ ਮਾਫ਼ ਕਰ ਦਿੱਤਾ ਗਿਆ ਹਾਂ।

ਅਸੀਂ (ਮੌਜੂਦਾ ਸਮੇਂ ਵਿੱਚ) ਮਸੀਹ ਵਿੱਚ **ਕੌਣ** ਹਾਂ, ਜੋ ਸਾਨੂੰ ਪਿਤਾ ਪਰਮੇਸ਼ੁਰ ਨੇ (ਅਤੀਤ ਵਿੱਚ) ਦੇ ਦਿੱਤਾ ਹੋਇਆ ਹੈ? ਇਸ ਨੂੰ ਵਿਅਕਤੀਗਤ ਬਣਾਓ ਅਤੇ ਆਪਣੇ ਜਵਾਬ ਵਿੱਚ 'ਮੈਨੂੰ ... ਮਿਲ ਗਈ ਹੈ' ਸ਼ਾਮਿਲ ਕਰੋ। **ਆਇਤ 11-12** ਨੂੰ ਪੜ੍ਹੋ।

ਉਦਾਹਰਣ: ਮੈਨੂੰ (ਮੌਜੂਦਾ ਸਮੇਂ ਵਿੱਚ) ਆਪਣੀ ਮਿਲਖ ਮਿਲ ਗਈ ਹੈ ਕਿਉਂਕਿ ਪਰਮੇਸ਼ੁਰ ਨੇ ਮੇਰੇ ਲਈ ਇਹੋ ਮਿੱਥਿਆ ਸੀ ਅਤੇ ਇਹ ਉਸ ਦੀ ਦਿਲ ਦੀ ਚਾਹਤ ਸੀ, ਤਾਂ ਜੋ ਅਸੀਂ ਉਸ ਦੀ ਮਹਿਮਾ ਦੀ ਉਸਤਤ ਹੋਈਏ।

ਅਸੀਂ (ਮੌਜੂਦਾ ਸਮੇਂ ਵਿੱਚ) ਮਸੀਹ ਵਿੱਚ **ਕੌਣ** ਹਾਂ, ਜੋ ਸਾਨੂੰ ਪਿਤਾ ਪਰਮੇਸ਼ੁਰ ਨੇ (ਅਤੀਤ ਵਿੱਚ) ਦੇ ਦਿੱਤਾ ਹੋਇਆ ਹੈ? ਇਸ ਨੂੰ ਵਿਅਕਤੀਗਤ ਬਣਾਓ ਅਤੇ ਆਪਣੇ ਜਵਾਬ ਵਿੱਚ 'ਮੈਂ ... ਹਾਂ' ਸ਼ਾਮਿਲ ਕਰੋ। **ਆਇਤ 13-14** ਨੂੰ ਪੜ੍ਹੋ।

ਉਦਾਹਰਣ: ਮੈਂ ਪਵਿੱਤਰ ਆਤਮਾ ਦੀ ਛਾਪ ਪ੍ਰਾਪਤ ਕਰ ਚੁੱਕਾ ਹਾਂ, ਜੋ ਮੇਰੀ (ਮੌਜੂਦਾ ਸਮੇਂ ਦੀ ਅਤੇ ਭਵਿੱਖ ਦੀ) ਮਿਲਖ ਦੀ ਪੂਰਤੀ ਦੀ ਗਾਰੰਟੀ ਹੈ।

ਚੇਤੇ ਰੱਖੋ, ਮੌਜੂਦਾ ਸਮੇਂ ਵਿੱਚ ਜਦ ਮਸੀਹ ਸੁਰਗੀ ਥਾਂਵਾਂ ਵਿੱਚ ਅਧਿਕਾਰ ਦੇ ਸਥਾਨ ਉੱਤੇ ਬਿਰਾਜਮਾਨ ਹੈ, ਤਾਂ ਅਸੀਂ ਉਸ ਦੇ ਨਾਲ ਹਾਂ। ਮੌਜੂਦਾ ਸਮੇਂ ਵਿੱਚ ਮਸੀਹ ਵਿੱਚ ਸਾਨੂੰ ਹਰੇਕ ਆਤਮਕ ਅਸੀਸ ਮਿਲ ਗਈ ਹੈ।

**ਅਫ਼ਸੀਆਂ 1:21-23** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਮੌਜੂਦਾ ਸਮੇਂ ਵਿੱਚ ਅਤੇ ਭਵਿੱਖ ਵਿੱਚ ਯਿਸੂ ਕੋਲ **ਕਿੰਨੀ** ਸ਼ਕਤੀ ਅਤੇ ਅਧਿਕਾਰ ਹੈ? **ਆਇਤ 21** ਨੂੰ ਪੜ੍ਹੋ।

ਹਰੇਕ ਹਕੂਮਤ, ਇਖਤਿਆਰ, ਤਾਕਤ, ਰਿਆਸਤ ਅਤੇ ਹਰੇਕ ਨਾਮ ਤੋਂ ਉੱਤੇ।

ਯਿਸੂ ਦੀ ਭਰਪੂਰੀ **ਕੌਣ** ਹੈ? **ਆਇਤ 23** ਨੂੰ ਪੜ੍ਹੋ।

ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਨ ਵਾਲੇ ਸਾਰੇ ਵਿਸ਼ਵਾਸੀ।

ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਨ ਵਾਲੇ ਸਾਰੇ ਵਿਸ਼ਵਾਸੀਆਂ ਦੀ ਭਰਪੂਰੀ **ਕੌਣ** ਹੈ?

ਮਸੀਹ ਯਿਸੂ।

**ਅਫ਼ਸੀਆਂ 2:4-9** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਮੌਜੂਦਾ ਸਮੇਂ ਵਿੱਚ ਸਾਨੂੰ ਮਸੀਹ ਯਿਸੂ ਵਿੱਚ **ਕੀ** ਮਿਲਿਆ ਹੈ? **ਆਇਤ 5-6** ਨੂੰ ਪੜ੍ਹੋ।

ਅਸੀਂ ਮਸੀਹ ਦੇ ਨਾਲ ਜੀਉਂਦੇ ਕੀਤੇ ਗਏ ਹਾਂ। ਜੀਉਂਦੇ ਕਰਕੇ ਸੁਰਗੀ ਥਾਂਵਾਂ ਵਿੱਚ ਮਸੀਹ ਦੇ ਨਾਲ ਉਸ ਦੀ ਸ਼ਕਤੀ ਅਤੇ ਅਧਿਕਾਰ ਵਿੱਚ ਸਾਡੀਆਂ ਸਰੀਰਕ ਲਾਲਸਾਵਾਂ ਅਤੇ ਸ਼ਤਾਨ ਤੇ ਉਸ ਦੇ ਦੁਸ਼ਟ ਆਤਮਿਆਂ ਤੋਂ ਉੱਤੇ ਬਿਠਾਏ ਗਏ ਹਾਂ।

ਪਰਮੇਸ਼ੁਰ ਨੇ ਸਾਨੂੰ ਜੀਉਂਦੇ ਕਰਕੇ ਸੁਰਗੀ ਥਾਂਵਾਂ ਵਿੱਚ ਮਸੀਹ ਦੇ ਨਾਲ ਉਸ ਦੀ ਸ਼ਕਤੀ ਅਤੇ ਅਧਿਕਾਰ ਵਿੱਚ **ਕਿਉਂ** ਬਿਠਾਇਆ ਹੈ? **ਆਇਤ 4-8** ਨੂੰ ਪੜ੍ਹੋ।

ਕਿਉਂਕਿ ਪਰਮੇਸ਼ੁਰ ਸਾਨੂੰ ਬਹੁਤ ਪ੍ਰੇਮ ਕਰਦਾ ਹੈ। ਇਸ ਸਭ ਦੇ ਦੁਆਰਾ ਪਰਮੇਸ਼ੁਰ ਨੇ ਸਾਡੇ ਲਈ ਆਪਣਾ ਕਦੇ ਨਾ ਸਮਾਪਤ ਹੋਣ ਵਾਲਾ ਪ੍ਰੇਮ, ਦਇਆ, ਭਰਪੂਰ ਕਿਰਪਾ ਅਤੇ ਆਪਣੀਆਂ ਅਸੀਸਾਂ ਦੇ ਧਨ ਨੂੰ ਪਰਗਟ ਕੀਤਾ ਹੈ।

ਮੁਕਤੀ ਪਰਮੇਸ਼ੁਰ ਕੋਲੋਂ ਆਇਆ ਇੱਕ ਤੋਹਫ਼ਾ **ਕਿਉਂ** ਹੈ? **ਆਇਤ 8-9** ਨੂੰ ਪੜ੍ਹੋ।

ਉਹ ਆਪਣੇ ਸਰੀਰ ਅਤੇ ਲਹੂ ਦੇ ਬਲੀਦਾਨ ਦੇ ਤੋਹਫ਼ੇ ਦੇ ਦੁਆਰਾ ਸਾਨੂੰ ਸਾਡੇ ਬੁਰੇ ਸਰੀਰਕ ਘਮੰਡ ਤੋਂ ਸੁਰੱਖਿਅਤ ਰੱਖਦਾ ਹੈ, ਤਾਂਕਿ ਕੋਈ ਵੀ ਵਿਅਕਤੀ ਘਮੰਡ ਨਾ ਕਰ ਸਕੇ।

**ਅਫ਼ਸੀਆਂ 1:15-19** ਨੂੰ ਪੜ੍ਹੋ।

ਰਸੂਲ ਪੌਲੁਸ ਸੰਤਾਂ ਦੇ ਲਈ **ਕੀ** ਪ੍ਰਾਰਥਨਾ ਕਰਦਾ ਹੈ?

**ਆਇਤ 17** ਕਿ ਪਰਮੇਸ਼ੁਰ ਉਨ੍ਹਾਂ ਨੂੰ ਬੁੱਧ ਦਾ ਆਤਮਾ ਦੇਵੇ ਤਾਂ ਜੋ ਉਹ ਉਸ ਨੂੰ ਬਿਹਤਰ ਤਰੀਕੇ ਨਾਲ ਜਾਣ ਸਕਣ।

**ਆਇਤ 18** ਕਿ ਪਰਮੇਸ਼ੁਰ ਉਨ੍ਹਾਂ ਦੇ ਮਨਾਂ ਨੂੰ ਖੋਲ੍ਹੇ ਤਾਂ ਜੋ ਉਹ ਸਚਿਆਈ ਨੂੰ ਵਧੇਰੇ ਵੇਖ ਸਕਣ ਅਤੇ ਉਸ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰਨ ਵਾਲਿਆਂ ਲਈ, ਜੋ ਉਸ ਦੀ ਤੇਜਵਾਨ ਮਿਲਖ ਹਨ (ਮੌਜੂਦਾ ਸਮੇਂ ਵਿੱਚ ਅਤੇ ਭਵਿੱਖ ਵਿੱਚ), ਆਸ ਅਤੇ ਅਸੀਸਾਂ ਨੂੰ ਜਾਣ ਸਕਣ।

**ਆਇਤ 19** ਉਸ ਕੀ ਸ਼ਕਤੀ ਦੀ ਮਹਾਨਤਾ ਨੂੰ ਜਾਣ ਸਕਣ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਪਰਮੇਸ਼ੁਰ ਦਾ ਪ੍ਰੇਮ, ਸ਼ਕਤੀ ਅਤੇ ਭਰਪੂਰ ਅਸੀਸਾਂ ਕਦੇ ਸਮਾਪਤ ਨਹੀਂ ਹੁੰਦੇ। ਉਹ ਮੈਨੂੰ ਆਪਣੀ ਵਡਿਆਈ ਅਤੇ ਮਹਿਮਾ ਵਜੋਂ ਵੇਖਦਾ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 12: ਸੰਬੰਧ

*ਸੈਮੀਨਾਰ ਨੁਮਾਇੰਦੇ: 'ਵੇਲ ਦੇ ਸੰਬੰਧ ਦੇ ਬਾਰੇ ਸਿੱਖਿਆ, ਯਿਸੂ ਤੋਂ ਪ੍ਰਾਪਤ ਕਰਨ ਦਾ ਸਮਾਂ ਰਿਹ,*
*ਪਿਤਾ ਦੀ ਇੱਛਾ ਦੇ ਅਧੀਨ ਹੋਇਆ, ਇਹ ਮੇਰੇ ਲਈ ਸਭ ਤੋਂ ਮਹੱਤਵਪੂਰਨ ਹੈ।'*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਯਿਸੂ ਵਿੱਚ ਏਕਤਾ ਦਾ ਜਾਂ ਯਿਸੂ ਦੇ ਨਾਲ ਸਾਡੇ ਵੇਲ ਅਤੇ ਟਹਿਣੀਆਂ ਦੇ ਸੰਬੰਧ ਦਾ ਜਾਂ ਯਿਸੂ ਦੇ ਪ੍ਰੇਮ ਵਿੱਚ ਜੀਉਣ ਦਾ ਐਲਾਨ ਕਰਦੇ ਹਨ।

## ਕਹਾਣੀ

ਕਲਪਨਾ ਕਰੋ ਕਿ ਤੁਸੀਂ ਕਿਸੇ ਵੱਡੀ ਵੇਲ ਦੀ ਟਹਿਣੀ ਹੋ।

ਤੁਸੀਂ ਵੇਲ ਦੇ ਮੁੱਢਲੇ ਤਣੇ ਨਾਲ ਜੁੜੇ ਹੋਏ ਹੋ, ਬਾਗਵਾਨ ਦੀ ਇੱਛਾ ਦੇ ਅਧੀਨ ਹੋ।

ਤੁਸੀਂ ਸਿਰਫ ਐਨਾ ਕਰ ਰਹੇ ਹੋ ਕਿ ਤਣੇ ਦੇ ਨਾਲ ਜੁੜੇ ਹੋਏ ਹੋ, ਹੋਰ ਕੁਝ ਨਹੀਂ, ਮੁੱਢਲੇ ਤਣੇ ਦੇ ਨਾਲ ਜੁੜੇ ਹੋਏ ਹੋ।

ਕਿਉਂਕਿ ਤੁਸੀਂ ਮੁੱਢਲੇ ਤਣੇ ਦੇ ਨਾਲ ਜੁੜੇ ਹੋਏ ਹੋ, ਇਸ ਕਰਕੇ ਵੇਲ ਦਾ ਸਾਰਾ ਪੋਸ਼ਣ ਆਪਣੇ ਆਪ ਹੀ ਜੜ੍ਹਾਂ ਤੋਂ ਨਿੱਕਲ ਕੇ ਮੁੱਢਲੇ ਤਣੇ ਤੋਂ ਹੁੰਦਾ ਹੋਇਆ ਤੁਹਾਡੇ ਅੰਦਰ ਪੁੱਜਦਾ ਹੈ। ਪਾਣੀ, ਪੋਸ਼ਣ, ਸਭ ਕੁਝ ਵੇਲ ਤੋਂ ਤੁਹਾਡੇ ਅੰਦਰ ਆ ਰਿਹਾ ਹੈ।

ਤੁਸੀਂ ਸਿਰਫ ਇਹੋ ਕਰ ਰਹੇ ਹੋ ਕਿ ਵੇਲ ਦੇ ਨਾਲ ਜੁੜੇ ਹੋਏ ਹੋ, ਅਤੇ ਇਸ ਦਾ ਪੋਸ਼ਣ ਪ੍ਰਾਪਤ ਕਰ ਰਹੇ ਹੋ।

ਇੱਕ ਦਿਨ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਤੁਸੀਂ ਥੋੜ੍ਹਾ ਜਿਹਾ ਵਧ ਗਏ ਹੋ।

ਫਲਾਂ ਦੇ ਨਿੱਕੇ-ਨਿੱਕੇ ਗੁੱਛੇ ਉੱਗਣੇ ਅਰੰਭ ਹੁੰਦੇ ਹਨ। ਇੱਕ ਗੁੱਛਾ (ਪ੍ਰੇਮ), ਦੋ ਹੋਰ ਗੁੱਛੇ (ਅਨੰਦ, ਸ਼ਾਂਤੀ), ਤਿੰਨ ਹੋਰ ਗੁੱਛੇ (ਧੀਰਜ, ਦਿਆਲਗੀ, ਭਲਿਆਈ), ਤਿੰਨ ਹੋਰ ਗੁੱਛੇ (ਵਫ਼ਾਦਾਰੀ ਨਰਮਾਈ, ਸੰਜਮ)।

ਬਾਹਰੋਂ ਤੁਹਾਡੇ ਉੱਤੇ ਸੂਰਜ ਦੀ ਧੁੱਪ ਅਤੇ ਮੀਂਹ ਪੈਂਦੇ ਹਨ, ਪਰ ਅੰਦਰੋਂ ਵੇਲ ਤੋਂ ਜੀਵਨ ਦਾ ਜਲ ਅਤੇ ਪੋਸ਼ਣ ਵਗਦਾ ਹੈ। ਇਹ ਕਿਵੇਂ ਹੋ ਰਿਹਾ ਹੈ? ਤੁਸੀਂ ਤਾਂ ਕੁਝ ਵੀ ਨਹੀਂ ਕਰ ਰਹੇ!

ਤੁਸੀਂ ਸਿਰਫ ਇਹੋ ਕਰ ਰਹੇ ਹੋ ਕਿ ਵੇਲ ਦੇ ਨਾਲ ਜੁੜੇ ਹੋਏ ਹੋ, ਅਤੇ ਇਸ ਦਾ ਪੋਸ਼ਣ ਪ੍ਰਾਪਤ ਕਰ ਰਹੇ ਹੋ।

ਬਾਗਵਾਨ ਦੀ ਇੱਛਾ ਇਹੋ ਹੈ।

## ਵੇਲ

ਕੁਦਰਤ ਦਾ ਨੇਮ ਹੈ ਕਿ ਪਾਣੀ ਉਤਾਂਹ ਤੋਂ ਹੇਠਾਂ ਵੱਲ ਨੂੰ ਵਗਦਾ ਹੈ, ਅਕਾਸ਼ ਤੋਂ ਧਰਤੀ ਉੱਤੇ ਅਤੇ ਫਿਰ ਸਭ ਤੋਂ ਹੇਠਲਿਆਂ ਥਾਂਵਾਂ ਤੱਕ। ਵੇਲ ਨੂੰ ਜੀਉਂਦੇ ਰਹਿਣ ਲਈ ਪਾਣੀ ਦੀ ਲੋੜ ਹੁੰਦੀ ਹੈ। ਪਾਣੀ ਤੋਂ ਬਿਨਾ ਇਹ ਮਰ ਜਾਵੇਗੀ। ਟਹਿਣੀ ਨੂੰ ਪਾਣੀ ਮੁੱਢਲੇ ਤਣੇ ਤੋਂ ਮਿਲਦਾ ਹੈ। ਜੀਉਂਦੀ ਰਹਿਣ ਲਈ ਅਤੇ ਫਲਦਾਈ ਹੋਣ ਲਈ ਟਹਿਣੀ ਨੂੰ ਪਾਣੀ ਦੀ ਲੋੜ ਹੁੰਦੀ ਹੈ।

*ਜੋ ਗੱਲ ਕੁਦਰਤੀ ਖੇਤਰ ਵਿੱਚ ਸੱਚ ਹੈ ਉਹ ਆਤਮਕ ਖੇਤਰ ਵਿੱਚ ਵੀ ਸੱਚ ਹੈ, ਕਿਉਂਕਿ ਸਭ ਕੁਝ ਪਰਮੇਸ਼ੁਰ ਨੇ ਹੀ ਸਿਰਜਿਆ ਹੈ।*

ਆਤਮਕ ਖੇਤਰ ਵਿੱਚ ਜੀਵਨ ਦਾ ਜਲ ਉਤਾਂਹ ਤੋਂ ਹੇਠਾਂ ਨੂੰ ਵਗਦਾ ਹੈ, ਪਰਮੇਸ਼ੁਰ ਦੇ ਸਿੰਘਾਸਣ ਤੋਂ ਯਿਸੂ ਦੇ ਰਾਹੀਂ ਟਹਿਣੀਆਂ ਤਕ ਆਉਂਦਾ ਹੈ। ਟਹਿਣੀਆਂ ਨੂੰ ਪਾਣੀ ਮੀਂਹ ਤੋਂ ਨਹੀਂ ਮਿਲਦਾ, ਇਹ ਜ਼ਮੀਨ ਵਿੱਚ ਜਾਂਦਾ ਹੈ ਅਤੇ ਫਿਰ ਇਹ ਜੜ੍ਹਾਂ ਦੇ ਰਾਹੀਂ ਮੁੱਢਲੇ ਤਣੇ ਤੋਂ ਹੁੰਦਾ ਹੋਇਆ ਟਹਿਣੀਆਂ ਤਕ ਪੁੱਜਦਾ ਹੈ, ਇਸ ਤਰ੍ਹਾਂ ਟਹਿਣੀਆਂ ਨੂੰ ਜੜ੍ਹਾਂ ਅਤੇ ਮੁੱਢਲੇ ਤਣੇ ਦੇ ਰਾਹੀਂ ਵੇਲ ਦਾ ਸਾਰਾ ਪੋਸ਼ਣ ਮਿਲਦਾ ਹੈ।

**ਯੂਹੰਨਾ 15:1-8** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਨੂੰ ਦੋ-ਤਿੰਨ ਵਾਰ ਪੜ੍ਹੋ ਅਤੇ ਇਨ੍ਹਾਂ ਉੱਤੇ ਵਿਚਾਰ ਕਰੋ।

## ਸਮੂਹਕ ਚਰਚਾ

ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਬਾਗਵਾਨ **ਕੌਣ** ਹੈ?

ਪਰਮੇਸ਼ੁਰ ਪਿਤਾ।

ਵੇਲ ਦਾ ਮੁੱਢਲਾ ਤਣਾ **ਕੌਣ** ਹੈ?


ਯਿਸੂ।

ਵੇਲ ਦੇ ਮੁੱਢਲੇ ਤਣੇ ਦੇ ਨਾਲ ਜੁੜੀ ਹੋਈ ਟਹਿਣੀ **ਕੌਣ** ਹੈ?

ਮੈਂ।

ਬਣੇ ਰਹਿਣ ਦਾ **ਕੀ** ਅਰਥ ਹੈ?

ਯਿਸੂ ਨੇ ਕਿਹਾ ਕਿ ਅਸੀਂ ਉਸ ਦੇ ਵਿੱਚ ਬਣੇ ਰਹੀਏ। ਬਣੇ ਰਹਿਣ ਦਾ ਅਰਥ ਹੈ (ਮਿੱਥੇ ਹੋਏ ਸਥਾਨ, ਅਵਸਥਾ, ਸੰਬੰਧ ਜਾਂ ਉਮੀਦ ਵਿੱਚ) ਕਾਇਮ ਰਹਿਣਾ: ਟਿਕੇ ਰਹਿਣਾ, ਵੱਸਣਾ, ਡਟੇ ਰਹਿਣਾ, ਮੌਜੂਦ ਰਹਿਣਾ, ਠਹਿਰੇ ਰਹਿਣਾ ਜਾਂ ਖੜ੍ਹੇ ਰਹਿਣਾ।



ਮੈਂ ਬਣਿਆ **ਕਿਵੇਂ** ਰਹਿ ਸਕਦਾ ਹਾਂ?

ਆਪਣੇ ਜਵਾਬ ਨੂੰ ਆਪਣੀ ਕਾਪੀ ਵਿੱਚ ਲਿਖ ਲਵੋ।

ਕੁਦਰਤੀ ਖੇਤਰ ਵਿੱਚ ਵੀ ਟਹਿਣੀ ਨੂੰ ਜੀਉਂਦੀ ਰਹਿਣ ਲਈ ਅਤੇ ਫਲਦਾਈ ਹੋਣ ਲਈ ਪੋਸ਼ਣ ਅਰਥਾਤ ਭੋਜਨ ਦੀ ਲੋੜ ਪੈਂਦੀ ਹੈ।

**ਯੂਹੰਨਾ 4:34** ਨੂੰ ਪੜ੍ਹੋ।

## ਸੰਦਰਭ

ਇਨ੍ਹਾਂ ਆਇਤਾਂ ਵਿੱਚ ਯਿਸੂ ਬਰਾਦਰੀ ਵਿੱਚੋਂ ਕੱਢੀ ਹੋਈ ਇੱਕ ਇਸਤਰੀ ਨਾਲ ਗੱਲ ਕਰ ਰਿਹਾ ਹੈ। ਯਿਸੂ ਦਾ ਜਨਮ ਪੁਰਾਤਨ ਇਸਰਾਏਲ ਦੇ ਬਾਰਾਂ ਗੋਤਰਾਂ ਵਿੱਚੋਂ ਇੱਕ ਵਿੱਚ ਹੋਇਆ ਸੀ। ਅਤੀਤ ਵਿੱਚ ਪੁਰਾਤਨ ਇਸਰਾਏਲ ਦੇ ਵਸਨੀਕ ਸਾਮਰਿਯਾ ਦੇ ਵਸਨੀਕਾਂ ਨਾਲ ਬੋਲਚਾਲ ਨਹੀਂ ਰੱਖਦੇ ਸਨ, ਖਾਸ ਕਰਕੇ ਉਸ ਇਸਤਰੀ ਨਾਲ ਜਿਸ ਨੂੰ ਉਸ ਦੀ ਆਪਣੀ ਬਰਾਦਰੀ ਨੇ ਹੀ ਕੱਢ ਦਿੱਤਾ ਹੋਵੇ, ਪਰ ਯਿਸੂ (ਜੋ ਸਰੀਰਕ ਤੌਰ ’ਤੇ ਯਹੂਦੀ ਸੀ) ਇਸ ਕੱਢੀ ਹੋਈ ਇਸਤਰੀ ਨਾਲ ਗੱਲ ਕਰਦਾ ਹੈ ਅਤੇ ਉਸ ਨੂੰ ਜੀਵਨ ਦੇ ਜਲ (ਪਰਮੇਸ਼ੁਰ ਦੇ ਆਤਮਾ, ਪਵਿੱਤਰ ਆਤਮਾ) ਬਾਰੇ ਦੱਸਦਾ ਹੈ ਅਤੇ ਉਸ ਉੱਤੇ ਪਰਗਟ ਕਰਦਾ ਹੈ ਕਿ ਉਹ ਅਸਲ ਵਿੱਚ ਕੌਣ ਹੈ, ਕਿ ਉਹ ਜੀਵਨ ਦੇ ਜਲ ਦਾ ਸੋਮਾ ਹੈ। ਜਦ ਯਿਸੂ ਦੇ ਚੇਲੇ ਵਾਪਿਸ ਆਉਂਦੇ ਹਨ ਤਾਂ ਉਹ ਉਨ੍ਹਾਂ ਨੂੰ ਦੱਸਦਾ ਹੈ ਕਿ ਉਸ ਦਾ ਭੋਜਨ ਕੀ ਹੈ ਅਤੇ ਇਹ ਵੀ ਸਿਖਾਉਂਦਾ ਹੈ ਕਿ ਫਸਲ ਪੱਕੀ ਹੋਈ ਹੈ।

ਜਦ ਯਿਸੂ ਬਰਾਦਰੀ ਵਿੱਚੋਂ ਕੱਢੀ ਹੋਈ ਇਸਤਰੀ ਨਾਲ ਗੱਲ ਕਰ ਰਿਹਾ ਹੈ, ਪਰਗਟ ਕਰ ਰਿਹਾ ਹੈ ਕਿ ਉਹ ਕੌਣ ਹੈ ਅਤੇ ਉਨ੍ਹਾਂ ਲੋਕਾਂ ਰੂਪੀ ਫਸਲ ਬਾਰੇ ਗੱਲ ਕਰ ਰਿਹਾ ਹੈ ਜਿਹੜੇ ਉਸ ਨੂੰ ਅਜੇ ਤਕ ਜਾਣਦੇ ਨਹੀਂ ਹਨ, ਤਾਂ ਇਸ ਦੌਰਾਨ ਉਹ ਇਹ ਵੀ ਦੱਸਦਾ ਹੈ ਕਿ ਉਸ ਦਾ ਭੋਜਨ ਕੀ ਹੈ।

ਯਿਸੂ ਦੇ ਅਨੁਸਾਰ ਉਸ ਦਾ ਪੋਸ਼ਣ ਕਰਨ ਵਾਲਾ ਉਸ ਦਾ ਭੋਜਨ **ਕੀ** ਸੀ?

ਪਿਤਾ ਦੀ ਇੱਛਾ ਨੂੰ ਪੂਰਾ ਕਰਨਾ ਅਤੇ ਉਸ ਕੰਮ ਨੂੰ ਪੂਰਾ ਕਰਨਾ, ਜਿਸ ਨੂੰ ਪੂਰਾ ਕਰਨ ਲਈ ਉਸ ਨੂੰ ਘੱਲਿਆ ਗਿਆ ਸੀ।

*ਜੋ ਗੱਲ ਕੁਦਰਤੀ ਖੇਤਰ ਵਿੱਚ ਸੱਚ ਹੈ ਉਹ ਆਤਮਕ ਖੇਤਰ ਵਿੱਚ ਵੀ ਸੱਚ ਹੈ, ਕਿਉਂਕਿ ਸਭ ਕੁਝ ਪਰਮੇਸ਼ੁਰ ਨੇ ਹੀ ਸਿਰਜਿਆ ਹੈ।*

ਜਦ ਅਸੀਂ ਆਤਮਕ ਤੌਰ ’ਤੇ ਪਰਮੇਸ਼ੁਰ ਪਿਤਾ ਦੀ ਇੱਛਾ ਦੇ ਅਧੀਨ ਰਹਿੰਦੇ ਹਾਂ, ਜਦ ਅਸੀਂ ਉਸ ਦੀ ਹਜ਼ੂਰੀ ਵਿੱਚ, ਅਰਾਧਨਾ ਵਿੱਚ, ਉਸ ਦੇ ਵਚਨ ਵਿੱਚ ਸਮਾਂ ਬਿਤਾਉਂਦੇ ਹਾਂ, ਉਸ ਤੋਂ ਸਾਰਾ ਪੋਸ਼ਣ ਪ੍ਰਾਪਤ ਕਰਦੇ ਹਾਂ, ਤਾਂ ਅਸੀਂ ਉਸ ਦੇ ਆਤਮਾ ਦੇ ਰਾਹੀਂ ਰੋਜ਼ਾਨਾ ਬਦਲਦੇ ਜਾਂਦੇ ਹਾਂ।

ਜਦ ਅਸੀਂ ਯਿਸੂ ਕੋਲੋਂ ਪ੍ਰਾਪਤ ਕਰਦੇ ਹਾਂ, ਪਰਮੇਸ਼ੁਰ ਪਿਤਾ ਦੀ ਇੱਛਾ ਦੇ ਅਧੀਨ ਰਹਿੰਦੇ ਹਾਂ, ਤਦ ਅਸੀਂ **ਕਿਸ** ਦੇ ਸਰੂਪ ਵਿੱਚ ਬਦਲਦੇ ਜਾਂਦੇ ਹਾਂ? **2 ਕੁਰਿੰਥੀਆਂ 3:17-18** ਨੂੰ ਪੜ੍ਹੋ।

ਯਿਸੂ ਦੇ।

ਯਿਸੂ ਦੇ ਅਨੁਸਾਰ ਜਦ ਅਸੀਂ ਜੀਵਨ ਦੇ ਜਲ ਵਿੱਚੋਂ ਪੀਵਾਂਗੇ, ਪਿਤਾ ਦੀ ਇੱਛਾ ਦੇ ਅਧੀਨ ਰਹਾਂਗੇ, ਤਾਂ **ਕੀ** ਹੋਵੇਗਾ? **ਯੂਹੰਨਾ 15:8** ਨੂੰ ਪੜ੍ਹੋ।

ਉਹ ਬਹੁਤ ਫਲ ਪੈਦਾ ਕਰੇਗਾ। ਇਸ ਦੀ ਗਾਰੰਟੀ ਯਿਸੂ ਨੇ ਦਿੱਤੀ ਹੈ।

*ਜੋ ਗੱਲ ਕੁਦਰਤੀ ਖੇਤਰ ਵਿੱਚ ਸੱਚ ਹੈ ਉਹ ਆਤਮਕ ਖੇਤਰ ਵਿੱਚ ਵੀ ਸੱਚ ਹੈ, ਕਿਉਂਕਿ ਸਭ ਕੁਝ ਪਰਮੇਸ਼ੁਰ ਨੇ ਹੀ ਸਿਰਜਿਆ ਹੈ।*

ਜਦ ਅਸੀਂ ਪਰਮੇਸ਼ੁਰ ਪਿਤਾ ਦੀ ਇੱਛਾ ਦੇ ਅਧੀਨ ਰਹਿੰਦੇ ਹਾਂ ਅਤੇ ਰੋਜ਼ਾਨਾ ਉਸ ਦੀ ਹਜ਼ੂਰੀ ਦੇ ਜਲ ਨੂੰ ਪੀਂਦੇ ਹਾਂ, ਤਾਂ ਪਵਿੱਤਰ ਆਤਮਾ ਸਾਨੂੰ ਮਸੀਹ ਯਿਸੂ ਦੇ ਸਰੂਪ ਵਿੱਚ ਬਦਲਦਾ ਜਾਂਦਾ ਹੈ। ਉਸ ਦਾ ਚਰਿੱਤਰ ਸਾਡਾ ਚਰਿੱਤਰ ਬਣ ਜਾਂਦਾ ਹੈ। ਯਿਸੂ ਦੇ ਦਰਖ਼ਤ ’ਤੇ ਯਿਸੂ ਦੇ ਫਲ ਲੱਗਦੇ ਹਨ—ਆਤਮਾ ਦੇ ਫਲ।

ਯਿਸੂ ਦੇ ਉਹ ਆਤਮਕ ਫਲ ਅਤੇ ਸੁਰਗੀ ਸੁਭਾਅ ਜਾਂ ਗੁਣ **ਕੀ** ਹਨ ਜੋ ਅਸੀਂ ਉਸ ਤੋਂ ਪ੍ਰਾਪਤ ਕਰਦੇ ਹਾਂ, ਜਦ ਅਸੀਂ ਜੀਵਨ ਦੇ ਜਲ ਵਿੱਚੋਂ ਪੀਂਦੇ ਹਾਂ, ਪਰਮੇਸ਼ੁਰ ਪਿਤਾ ਦੀ ਇੱਛਾ ਦੇ ਅਧੀਨ ਆ ਜਾਂਦੇ ਹਾਂ? **ਗਲਾਤੀਆਂ 5:22-23** ਨੂੰ ਪੜ੍ਹੋ।

ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ।

ਇਹ ਫਲ **ਕੌਣ** ਪੈਦਾ ਕਰਦਾ ਹੈ?

ਪਰਮੇਸ਼ੁਰ। ਪਰਮੇਸ਼ੁਰ ਪਿਤਾ (ਬਾਗਵਾਨ), ਪੁੱਤਰ ਯਿਸੂ ਮਸੀਹ (ਵੇਲ) ਦੇ ਦੁਆਰਾ, ਆਪਣੇ ਪਵਿੱਤਰ ਆਤਮਾ ਦੇ ਰਾਹੀਂ।

ਜਦ ਅਸੀਂ ਰੋਜ਼ਾਨਾ ਉਸ ਦੀ ਹਜ਼ੂਰੀ ਵਿੱਚ ਸਮਾਂ ਬਿਤਾਉਂਦੇ ਹਾਂ, ਯਿਸੂ ਕੋਲੋਂ ਪ੍ਰਾਪਤ ਕਰਦੇ ਹਾਂ, ਆਪਣੇ ਪਿਤਾ ਦੀ ਇੱਛਾ ਦੇ ਅਧੀਨ ਰਹਿੰਦੇ ਹਾਂ, ਤਾਂ ਉਹ ਸਾਨੂੰ ਬਹੁਤ ਫਲਦਾਈ ਬਣਾਉਣ ਲਈ ਬਦਲਦਾ ਜਾਵੇਗਾ ਕਿਉਂਕਿ ਉਸ ਦੀ ਇੱਛਾ ਇਹੋ ਹੈ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ??

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 13: ਸੰਬੰਧ – ਦੂਜਿਆਂ ਨੂੰ ਉਵੇਂ ਕਬੂਲ ਕਰਨਾ ਜਿਵੇਂ ਉਹ ਹਨ

*ਪੁਨਰ ਮੇਲ ਹੋ ਚੁੱਕੇ (ਸਹਿਮਤੀ ਵਿੱਚ ਲਿਆਂਦੇ ਗਏ)। ਪੁਨਰ ਸਥਾਪਿਤ ਕੀਤੇ ਗਏ (ਸਿਹਤ, ਤੰਦਰੁਸਤੀ ਅਤੇ ਜੀਵਨ ਸ਼ਕਤੀ ਵਿੱਚ ਮੁੜ ਲਿਆਂਦੇ ਗਏ)। ਮੁੜ ਨਵੇਂ ਕੀਤੇ ਗਏ (ਪੁਨਰ ਜਾਗਰਤ ਅਤੇ ਪ੍ਰਭਾਵਸ਼ਾਲੀ ਕੀਤੇ ਗਏ)।*

### ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

### ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਦੇ ਵੱਡੇ ਪ੍ਰੇਮ ਦਾ ਅਤੇ ਸਾਨੂੰ ਬਦਲ ਦੇਣ ਵਾਲੀ ਉਸ ਦੀ ਸ਼ਕਤੀ ਦਾ ਐਲਾਨ ਕਰਦੇ ਹਨ।

## 10 ਬੀਜ ਸਮੂਹਕ ਅਭਿਆਸ

ਅਸੀਂ ਸਿੱਖਿਆ ਹੈ ਕਿ ਸਾਡਾ ਸਭ ਤੋਂ ਮਹੱਤਵਪੂਰਨ ਸੰਬੰਧ ਪਰਮੇਸ਼ੁਰ ਦੇ ਨਾਲ ਹੈ। ਜੇਕਰ ਅਸੀਂ ਆਪਣੇ ਪਿਤਾ ਦੀ ਇੱਛਾ ਦੇ ਅਧੀਨ ਰਹਿੰਦੇ ਹਾਂ ਅਤੇ ਉਸ ਦੇ ਨਾਲ ਸਮਾਂ ਬਿਤਾਉਂਦੇ ਹਾਂ, ਉਸ ਤੋਂ ਪੋਸ਼ਣ ਪ੍ਰਾਪਤ ਕਰਦੇ ਹਾਂ, ਤਾਂ ਰੋਜ਼ਾਨਾ ਪਰਮੇਸ਼ੁਰ ਸਾਨੂੰ ਯਿਸੂ ਦੇ ਚਰਿੱਤਰ ਵਿੱਚ ਢਾਲਦਾ ਜਾਵੇਗਾ।

ਪਰਮੇਸ਼ੁਰ ਸਾਡੇ ਜਜ਼ਬਾਤਾਂ ਦੀ ਫਿਕਰ ਕਰਦਾ ਹੈ ਕਿ ਅਸੀਂ ਕਿਵੇਂ ਮਹਿਸੂਸ ਕਰਦੇ ਹਾਂ, ਲੋਕ ਸਾਡੇ ਨਾਲ ਕਿਹੋ ਜਿਹਾ ਵਿਹਾਰ ਕਰਦੇ ਹਨ ਅਤੇ ਅਸੀਂ ਲੋਕਾਂ ਨਾਲ ਕਿਹੋ ਜਿਹਾ ਵਿਹਾਰ ਕਰਦੇ ਹਾਂ।

## ਸਮੂਹਕ ਅਭਿਆਸ

ਸਾਰੇ ਲੋਕ ਇੱਕ ਦੂਜੇ ਵੱਲ ਮੂੰਹ ਕਰਕੇ ਘੇਰਾ ਬਣਾ ਕੇ ਬੈਠ ਜਾਣ। ਘੇਰੇ ਦੇ ਵਿੱਚ 10 ਬੀਜ ਵਰਕਸ਼ੀਟ ਨੂੰ ਰੱਖੋ *(ਪਰਮੇਸ਼ੁਰ ਦਾ ਰਾਜ – ਪ੍ਰੋਗਰਾਮ ਨਿਯਮਾਵਲੀ* ਦੇ ਪੰਨਾ ਨੰਬਰ 45 ਦੀ ਫੋਟੋਕਾਪੀ ਕਰ ਲਵੋ), ਤਾਂ ਜੋ ਸਭ ਲੋਕ ਇਸ ਨੂੰ ਵੇਖ ਸਕਣ। ਵਰਕਸ਼ੀਟ ਦੇ ਨੇੜੇ ਚੌਲਾਂ ਜਾਂ ਛੋਲਿਆਂ ਜਾਂ ਫਿਰ ਜਿਹੜਾ ਵੀ ਬੀਜ ਮੌਜੂਦ ਹੋਵੇ ਉਸ ਦੇ ਦਸ ਦਾਣੇ ਰੱਖੋ। ਤੁਹਾਡੇ ਸਮੂਹ ਵਿੱਚ ਜਿੰਨੇ ਲੋਕ ਹਨ, ਤੁਹਾਡੇ ਸਮੂਹ ਦਾ ਨੰਬਰ ਉਹੋ ਹੈ। ਇਸ ਸਮੂਹ ਵਿੱਚ 3 ਤੋਂ ਲੈ ਕੇ 12 ਤਕ ਲੋਕ ਹੋ ਸਕਦੇ ਹਨ। ਜੇਕਰ ਸਮੂਹ ਵਿੱਚ 24 ਤੋਂ ਵਧ ਲੋਕ ਹਨ, ਤਾਂ ਤਿੰਨ ਜਾਂ ਵਧ ਸਮੂਹ ਬਣਾਏ ਜਾ ਸਕਦੇ ਹਨ। ਹਰੇਕ ਸਮੂਹ ਦੇ ਵਿਚਾਲੇ 10 ਬੀਜ ਵਰਕਸ਼ੀਟ ਅਤੇ ਉਸ ਦੇ ਨਾਲ 10 ਬੀਜ ਰੱਖੇ ਹੋਣ।

ਵਾਰੀ-ਵਾਰੀ ਹਰੇਕ ਵਿਅਕਤੀ ਨੂੰ ਸਮੂਹ ਵਿੱਚ ਬੋਲਣ ਦਾ ਮੌਕਾ ਦਿੱਤਾ ਜਾਂਦਾ ਹੈ। ਹਰੇਕ ਵਿਅਕਤੀ ਸਮੂਹ ਦੇ ਲਈ ਬਰਾਬਰ ਮਹੱਤਵ ਵਾਲਾ ਹੈ ਅਤੇ ਹਰੇਕ ਨੂੰ ਬੋਲਣ ਦਾ ਬਰਾਬਰ ਦਾ ਅਧਿਕਾਰ ਹੈ। ਹਰੇਕ ਵਿਅਕਤੀ ਦਾ ਬਰਾਬਰ ਦਾ ਮਹੱਤਵ ਹੈ। ਹਰੇਕ ਵਿਅਕਤੀ ਸਮੂਹ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਹਰੇਕ ਵਿਅਕਤੀ ਸਮੂਹ ਵਿੱਚ ਦੱਸਦਾ ਹੈ ਕਿ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਦਾ ਸਮਾਜ (ਜਿਸ ਸਥਾਨ ’ਤੇ ਉਹ ਰਹਿੰਦੇ ਹਨ ਅਤੇ ਜਿਸ ਸਭਿਆਚਾਰ ਦਾ ਉਹ ਹਿੱਸਾ ਹਨ) ਉਨ੍ਹਾਂ ਨੂੰ ਵਰਕਸ਼ੀਟ ਦੇ ਕਿਹੜੇ ਕਾਲਮ ਵਿੱਚ ਵੇਖਦਾ ਹੈ। ਜਾਂ ਤਾਂ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਮਹੱਤਵਹੀਣ ਮੰਨਦਾ ਹੈ, ਜਾਂ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਕੁਝ ਮਹੱਤਵ ਵਾਲਾ ਮੰਨਦਾ ਹੈ, ਜਾਂ ਫਿਰ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਬਹੁਤ ਮਹੱਤਵ ਵਾਲਾ ਮੰਨਦਾ ਹੈ।

ਹਰੇਕ ਵਿਅਕਤੀ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਇਸ ਵਿੱਚ ਕੋਈ ਸ਼ਰਮ ਦੀ ਗੱਲ ਨਹੀਂ ਹੈ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਕਿਵੇਂ ਵੇਖਦਾ ਹੈ। ਸਮਾਜ ਉਨ੍ਹਾਂ ਨੂੰ ਜਿਵੇਂ ਵੇਖਦਾ ਹੈ, ਉਸ ਦੇ ਪਿੱਛੇ ਕਈ ਕਾਰਨ ਹੁੰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੁੰਦੇ ਹਨ। ਸਹੀ ਜਵਾਬ ਇਹ ਹੈ: ਤੁਸੀਂ ਕੀ ਮੰਨਦੇ ਹੋ ਕਿ ਤੁਹਾਡਾ ਸਮਾਜ ਤੁਹਾਨੂੰ ਕਿਵੇਂ ਵੇਖਦਾ ਹੈ।

ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ ਜਦ ਹਰੇਕ ਵਿਅਕਤੀ ਆਪਣੇ ਬਾਰੇ ਦੱਸਦਾ ਹੈ ਤਾਂ ਕਿਸ ਦੇ ਵੱਲ ਵੇਖਦਾ ਹੈ ਅਤੇ ਇਹ ਵੀ ਧਿਆਨ ਰੱਖਣਾ ਜਰੂਰੀ ਹੈ ਕਿ ਕੋਈ ਵਿਅਕਤੀ ਸਮੂਹ ਦਾ ‘ਆਗੂ’ ਨਾ ਬਣ ਜਾਵੇ। ਹਰੇਕ ਵਿਅਕਤੀ ਦਾ ਮਹੱਤਵ ਬਰਾਬਰ ਹੈ ਅਤੇ ਬਰਾਬਰੀ ਦੇ ਨਾਲ ਆਪਣਾ ਹਿੱਸਾ ਪਾਵੇ ਅਤੇ ਸਾਰਿਆਂ ਨੂੰ ਦੱਸੇ।

ਜਦ ਹਰੇਕ ਵਿਅਕਤੀ ਬੋਲ ਹਟਦਾ ਹੈ ਕਿ ਉਹ ਕੀ ਮੰਨਦੇ ਹਨ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਕਿਸ ਕਾਲਮ ਵਿੱਚ ਵੇਖਦਾ ਹੈ (ਮਹੱਤਵਹੀਣ ਜਾਂ ਕੁਝ ਮਹੱਤਵ ਵਾਲਾ ਜਾਂ ਬਹੁਤ ਮਹੱਤਵ ਵਾਲਾ), ਤਦ ਸਮੂਹ ਦੇ ਸਾਰੇ ਵਿਅਕਤੀ ਆਪਸ ਵਿੱਚ ਚਰਚਾ ਕਰਦੇ ਹਨ ਕਿ 10 ਬੀਜਾਂ ਨੂੰ ਚੁਣੇ ਹੋਏ ਕਾਲਮ ਵਿੱਚ ਰੱਖ ਕੇ ਉਹ ਆਪਣੇ ਸਮੂਹ ਦੇ ਨਤੀਜਿਆਂ ਨੂੰ ਕਿਵੇਂ ਪੇਸ਼ ਕਰਨਗੇ।

ਇੱਕ ਵਾਰ ਫਿਰ ਇਹ ਪੱਕਾ ਕਰ ਲਓ ਕਿ ਹਰੇਕ ਵਿਅਕਤੀ ਬੀਜ ਰੱਖਣ ਦੇ ਅਭਿਆਸ ਵਿੱਚ ਬਰਾਬਰੀ ਨਾਲ ਸ਼ਾਮਲ ਹੋਵੇ ਅਤੇ ਉਹ ਸਾਰੇ ਮਿਲ ਕੇ ਸਮੂਹ ਵਜੋਂ ਕੰਮ ਕਰਨ।

ਸਾਰੇ 10 ਬੀਜਾਂ ਦੀ ਵਰਤੋਂ ਜਰੂਰ ਕਰੋ। 10 ਬੀਜ ਸਾਰੇ ਸਮੂਹ ਨੂੰ ਦਰਸਾਉਂਦੇ ਹਨ।

ਉਦਾਹਰਣ 1: ਜੇਕਰ 8 ਲੋਕਾਂ ਦੇ ਸਮੂਹ ਵਿੱਚ 5 ਲੋਕ ਮੰਨਦੇ ਹਨ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਮਹੱਤਵਹੀਣ ਮੰਨਦਾ ਹੈ ਅਤੇ 2 ਲੋਕ ਮੰਨਦੇ ਹਨ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਕੁਝ ਮਹੱਤਵ ਵਾਲਾ ਮੰਨਦਾ ਹੈ ਅਤੇ 1 ਵਿਅਕਤੀ ਮੰਨਦਾ ਹੈ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਬਹੁਤ ਮਹੱਤਵ ਵਾਲਾ ਮੰਨਦਾ ਹੈ, ਤਾਂ ਫਿਰ 10 ਬੀਜਾਂ ਨੂੰ ਵਰਕਸ਼ੀਟ ਉੱਤੇ ਇਸ ਤਰ੍ਹਾਂ ਰੱਖਿਆ ਜਾਵੇਗਾ: 7 ਬੀਜ ਮਹੱਤਵਹੀਣ ਵਾਲੇ ਕਾਲਮ ਵਿੱਚ, 2 ਬੀਜ ਕੁਝ ਮਹੱਤਵ ਵਾਲੇ ਕਾਲਮ ਵਿੱਚ ਅਤੇ 1 ਬੀਜ ਬਹੁਤ ਮਹੱਤਵ ਵਾਲੇ ਕਾਲਮ ਵਿੱਚ।

ਉਦਾਹਰਣ 2: ਜੇਕਰ 6 ਲੋਕਾਂ ਦੇ ਸਮੂਹ ਵਿੱਚ 3 ਲੋਕ ਮੰਨਦੇ ਹਨ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਮਹੱਤਵਹੀਣ ਮੰਨਦਾ ਹੈ ਅਤੇ 3 ਲੋਕ ਮੰਨਦੇ ਹਨ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਕੁਝ ਮਹੱਤਵ ਵਾਲਾ ਮੰਨਦਾ ਹੈ ਅਤੇ 0 ਵਿਅਕਤੀ ਮੰਨਦਾ ਹੈ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਬਹੁਤ ਮਹੱਤਵ ਵਾਲਾ ਮੰਨਦਾ ਹੈ, ਤਾਂ ਫਿਰ 10 ਬੀਜਾਂ ਨੂੰ ਵਰਕਸ਼ੀਟ ਉੱਤੇ ਇਸ ਤਰ੍ਹਾਂ ਰੱਖਿਆ ਜਾਵੇਗਾ: 5 ਬੀਜ ਮਹੱਤਵਹੀਣ ਵਾਲੇ ਕਾਲਮ ਵਿੱਚ, 5 ਬੀਜ ਕੁਝ ਮਹੱਤਵ ਵਾਲੇ ਕਾਲਮ ਵਿੱਚ ਅਤੇ 0 ਬੀਜ ਬਹੁਤ ਮਹੱਤਵ ਵਾਲੇ ਕਾਲਮ ਵਿੱਚ।

## ਸਮੂਹਕ ਚਰਚਾ

ਆਪਣੇ ਵਿਚਾਰਾਂ ਉੱਤੇ ਚਰਚਾ ਕਰੋ। ਆਪਣੇ ਜਵਾਬ ਪਰਮੇਸ਼ੁਰ ਦਾ ਰਾਜ - ਚੇਲਾਪਣ ਪ੍ਰੋਗਰਾਮ ਕਾਰਜ-ਪੁਸਤਕ ਵਿੱਚ ਲਿਖੋ।

ਅਸੀਂ ਉਨ੍ਹਾਂ ਦਾ ਹੌਂਸਲਾ **ਕਿਵੇਂ** ਵਧਾ ਸਕਦੇ ਹਾਂ ਜੋ ਇਹ ਮੰਨਦੇ ਹਨ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਮਹੱਤਵਹੀਣ ਮੰਨਦਾ ਹੈ ਜਾਂ ਫਿਰ ਕੁਝ ਮਹੱਤਵ ਵਾਲਾ ਮੰਨਦਾ ਹੈ ਅਤੇ ਉਨ੍ਹਾਂ ਨੂੰ ਇਹ ਮੰਨਣਾ ਕਿਵੇਂ ਸਿਖਾ ਸਕਦੇ ਹਾਂ ਕਿ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਬਹੁਤ ਮਹੱਤਵ ਵਾਲਾ ਮੰਨਦਾ ਹੈ?

1: ਉਨ੍ਹਾਂ ਦਾ ਸਤਿਕਾਰ ਕਰੋ, ਉਨ੍ਹਾਂ ਦੇ ਨਾਲ ਬਰਾਬਰ ਮਹੱਤਵ ਵਾਲਾ ਵਿਹਾਰ ਕਰੋ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਸ਼ਾਮਲ ਕਰੋ।

2: ਉਨ੍ਹਾਂ ਨੂੰ ਇੱਜ਼ਤ ਵਾਲਾ ਸਥਾਨ, ਇੱਕ ਭੂਮਿਕਾ, ਅਤੇ ਸਮਾਜ ਵਿੱਚ ਸ਼ਾਮਲ ਹੋਣ ਦਾ ਇੱਕ ਮੌਕਾ ਦਿਓ।

3: ਉਨ੍ਹਾਂ ਦੇ ਨਾਲ ਜੀਵਨ ਦੇ ਸਫ਼ਰ ਵਿੱਚ ਅਗਾਂਹ ਵਧੋ, ਉਨ੍ਹਾਂ ਨੂੰ ਉਵੇਂ ਕਬੂਲ ਕਰੋ ਜਿਵੇਂ ਉਹ ਹਨ ਅਤੇ ਉਨ੍ਹਾਂ ਨੂੰ ਸਮਝਣ ਦਾ ਜਤਨ ਕਰੋ।

4: ਉਨ੍ਹਾਂ ਨੂੰ ਬੋਲਣ ਦਾ, ਆਪਣੇ ਵਿਚਾਰ ਪੇਸ਼ ਕਰਨ ਦਾ, ਅਤੇ ਬਰਾਬਰੀ ਦੇ ਨਾਲ ਬੋਲਣ ਦੇ ਅਧਿਕਾਰ ਦਾ ਮੌਕਾ ਦਿਓ।

5: ਉਨ੍ਹਾਂ ਦੇ ਲਈ ਪਰਮੇਸ਼ੁਰ ਦੀ ਵਡਿਆਈ ਅਤੇ ਉਨ੍ਹਾਂ ਦੇ ਭਵਿੱਖ, ਮੁੱਲ ਅਤੇ ਮਹੱਤਵ ਨੂੰ ਜਾਣਨ ਅਤੇ ਉਸ ਦੀ ਗਵਾਹੀ ਦੇਣ ਦਾ ਮੌਕਾ ਦਿਓ।

6: ਉਨ੍ਹਾਂ ਨੂੰ ਉਨ੍ਹਾਂ ਦੇ ਵਰਦਾਨਾਂ ਨੂੰ ਜਾਣਨ ਦਾ (ਹਰੇਕ ਵਿਅਕਤੀ ਵਿੱਚ ਘੱਟੋ-ਘੱਟ ਇੱਕ ਵਰਦਾਨ ਤਾਂ ਜ਼ਰੂਰ ਹੁੰਦਾ ਹੈ) ਅਤੇ ਦੂਜਿਆਂ ਦੇ ਲਾਭ ਲਈ ਉਨ੍ਹਾਂ ਦੀ ਵਰਤੋਂ ਕਰਨ ਦਾ ਮੌਕਾ ਦਿਓ।

## ਬਾਈਬਲ ਅਧਿਐਨ

**ਲੂਕਾ 8:43-55** ਨੂੰ ਪੜ੍ਹੋ।

## ਸੰਦਰਭ

ਇਨ੍ਹਾਂ ਆਇਤਾਂ ਵਿੱਚ ਬਰਾਦਰੀ ਵਿੱਚੋਂ ਕੱਢੀ ਹੋਈ ਇੱਕ ਇਸਤਰੀ ਬਹੁਤ ਵੱਡਾ ਖ਼ਤਰਾ ਚੁੱਕ ਕੇ ਯਿਸੂ ਨੂੰ ਛੂਹਣ ਦੇ ਲਈ ਆਉਂਦੀ ਹੈ। ਉਸ ਦੇ ਸਭਿਆਚਾਰ ਵਿੱਚ ਉਸ ਨੂੰ ਅਸ਼ੁੱਧ ਮੰਨਿਆ ਜਾਂਦਾ ਹੈ ਅਤੇ ਉਸ ਦੇ ਛੂਹਣ ਨਾਲ ਯਿਸੂ ਨੂੰ ਵੀ ਅਸ਼ੁੱਧ ਮੰਨਿਆ ਜਾਣਾ ਸੀ।

## ਸਮੂਹਕ ਚਰਚਾ

**ਆਇਤਾਂ 43-44** ਵਿੱਚ ਯਿਸੂ ਦੀ ਇੱਕ ਛੋਹ ਦੇ ਨਾਲ ਬਰਾਦਰੀ ਵਿੱਚੋਂ ਕੱਢੀ ਹੋਈ ਇਸ ਇਸਤਰੀ ਦੇ ਨਾਲ **ਕੀ** ਹੋਇਆ?

ਉਸ ਨੂੰ (ਸਰੀਰਕ) ਚੰਗਿਆਈ ਮਿਲੀ।

**ਆਇਤ 45** ਵਿੱਚ ਯਿਸੂ ਨੇ **ਕੀ** ਕਿਹਾ?

ਕਿਸ ਨੇ ਮੈਨੂੰ ਛੂਹਿਆ ਹੈ?

ਯਿਸੂ ਨੇ ਇਹ ਨਹੀਂ ਕਿਹਾ ਕਿ ਕਿਸ ਚੀਜ਼ ਨੇ ਮੈਨੂੰ ਛੂਹਿਆ ਹੈ, ਸਗੋਂ ਕਿਸ ਵਿਅਕਤੀ ਨੇ ਮੈਨੂੰ ਛੂਹਿਆ ਹੈ। ਯਿਸੂ ਉਸ ਨੂੰ ਬਹੁਤ ਮਹੱਤਵ ਵਾਲੀ ਮੰਨਦਾ ਹੈ ਅਤੇ ਰੁਕ ਕੇ ਉਸ ਨੂੰ ਭਾਲਣ ਦੇ ਦੁਆਰਾ ਉਸ ਦਾ ਸਤਿਕਾਰ ਕਰਦਾ ਹੈ, ਉਸ ਨੂੰ ਆਪਣਾ ਸਮਾਂ ਅਤੇ ਧਿਆਨ ਦਿੰਦਾ ਹੈ। ਉਸ ਇਸਤਰੀ ਨੂੰ ਚੰਗਿਆਈ ਮਿਲ ਗਈ ਸੀ। ਚੇਤੇ ਰੱਖੋ ਕਿ ਯਿਸੂ ਇੱਕ ਰੋਗੀ ਲੜਕੀ ਨੂੰ ਚੰਗਾ ਕਰਨ ਜਾ ਰਿਹਾ ਸੀ, ਜੋ ਅਜਿਹੇ ਵਿਅਕਤੀ ਦੀ ਬੇਟੀ ਸੀ ਜਿਸ ਨੂੰ ਸਮਾਜ ਬਹੁਤ ਮਹੱਤਵ ਵਾਲਾ ਵਿਅਕਤੀ ਮੰਨਦਾ ਸੀ।

**ਆਇਤ 47** ਵਿੱਚ ਉਸ ਇਸਤਰੀ ਨੇ **ਕੀ** ਕੀਤਾ?

ਉਸ ਇਸਤਰੀ ਨੇ ਵੇਖਿਆ ਕਿ ਉਹ ਹੁਣ ਲੁਕ ਨਹੀਂ ਸਕਦੀ, ਇਸ ਕਰਕੇ ਉਹ ਸਾਹਮਣੇ ਆਈ ਅਤੇ ਯਿਸੂ ਅੱਗੇ ਗੋਡੇ ਟੇਕ ਕੇ ਗਵਾਹੀ ਦਿੱਤੀ ਕਿ ਯਿਸੂ ਦੀ ਇੱਕ ਛੋਹ ਨੇ ਉਸ ਨੂੰ ਚੰਗਾ ਕਰ ਦਿੱਤਾ ਹੈ।

ਨਾ ਸਿਰਫ ਯਿਸੂ ਨੇ ਬਰਾਦਰੀ ਵੱਲੋਂ ਕੱਢੀ ਹੋਈ ਇਸਤਰੀ ਨੂੰ ਬਹੁਤ ਮਹੱਤਵ ਵਾਲੀ ਮੰਨਿਆ, ਜੋ ਸਰਬਸ਼ਕਤੀਮਾਨ ਪਰਮੇਸ਼ੁਰ ਦੇ ਸਰੂਪ ਵਿੱਚ ਸਿਰਜੀ ਗਈ ਸੀ, ਸਗੋਂ ਯਿਸੂ ਦੀ ਇੱਕ ਛੋਹ ਸਦਕਾ ਸਾਰਾ ਸਮਾਜ, ਚੇਲੇ ਅਤੇ ਆਪ ਯਿਸੂ ਇਸ ਇਸਤਰੀ ਦੀ ਗੱਲ ਧਿਆਨ ਨਾਲ ਸੁਣ ਰਹੇ ਹਨ।

ਉਸ ਨੂੰ ਇੱਕ ਸਥਾਨ ਮਿਲਿਆ। ਉਸ ਨੂੰ ਬੋਲਣ ਦਾ ਅਧਿਕਾਰ ਮਿਲਿਆ। ਉਹ ਬਹੁਤ ਮਹੱਤਵ ਵਾਲੀ ਇਸਤਰੀ ਸੀ। ਉਹ ਮਹੱਤਵਪੂਰਨ ਸੀ।

**ਆਇਤ 48** ਵਿੱਚ ਯਿਸੂ ਨੇ ਆਪਣੇ ਚੇਲਿਆਂ ਅਤੇ ਸਾਰੇ ਸਮਾਜ ਦੇ ਸਾਹਮਣੇ ਉਸ ਇਸਤਰੀ ਨੂੰ **ਕੀ** ਕਹਿ ਕੇ ਸੱਦਿਆ?

ਬੇਟੀ ਅਰਥਾਤ ਪਰਮੇਸ਼ੁਰ ਦੀ ਸੰਤਾਨ।

ਯਿਸੂ ਦੀ ਇੱਕ ਛੋਹ ਸਰੀਰਕ, ਮਾਨਸਿਕ ਅਤੇ ਆਤਮਕ ਤੌਰ ’ਤੇ ਕਿਸੇ ਵੀ ਵਿਅਕਤੀ ਨੂੰ ਤੰਦਰੁਸਤ ਬਣਾ ਦਿੰਦੀ ਹੈ। ਉਸ ਨੂੰ ਇੱਕ ਸਥਾਨ ਮਿਲਿਆ, ਪਰਮੇਸ਼ੁਰ ਦੀ ਸੰਤਾਨ ਵਜੋਂ ਉਸ ਦੀ ਪਛਾਣ ਮੁੜ ਸਥਾਪਤ ਕੀਤੀ ਗਈ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 14: ਸੰਬੰਧ - ਬਰਾਬਰੀ

*'ਸਿੱਖਿਆ ਕਿ ਯਿਸੂ ਵਿੱਚ ਸੰਬੰਧ ਬਰਾਬਰੀ ਨਾਲ ਮੁੜ ਸਥਾਪਤ ਹੁੰਦੇ ਹਨ ... ਇਹ ਸੁਨੇਹਾ ਵਿਸ਼ਵਾਸੀਆਂ ਅਤੇ ਗੈਰ-ਵਿਸ਼ਵਾਸੀਆਂ ਵਿੱਚ ... ਸਾਰੇ ਸਮਾਜ ਵਿੱਚ ਜ਼ਰੂਰ ਪਹੁੰਚਣਾ ਚਾਹੀਦਾ ਹੈ।' ਸੈਮੀਨਾਰ ਨੁਮਾਇੰਦੇ*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਪਰਮੇਸ਼ੁਰ ਦੇ ਪ੍ਰੇਮ ਦਾ ਅਤੇ ਉਸ ਦੀ ਚੰਗਿਆਈ ਦੇਣ ਵਾਲੀ ਸ਼ਕਤੀ ਦਾ ਐਲਾਨ ਕਰਦੇ ਹਨ।

## ਬਾਈਬਲ ਅਧਿਐਨ

ਅਸੀਂ ਪਰਮੇਸ਼ੁਰ ਦੀ ਕਹਾਣੀ, ਉਸ ਦੀ ਸੱਚੀ ਪ੍ਰੇਮ ਕਹਾਣੀ, ਬਾਈਬਲ ਵਿੱਚੋਂ ਅਧਿਐਨ ਕਰਾਂਗੇ ਕਿ ਕਿਵੇਂ ਪਰਮੇਸ਼ੁਰ ਪੁਰਸ਼ਾਂ ਅਤੇ ਇਸਤਰੀਆਂ ਨੂੰ ਬਰਾਬਰ ਵੇਖਦਾ ਹੈ।

ਬੁਰਿਆਈ ਨਾਲ ਨੁਕਸਾਨੇ ਹੋਏ ਇਸ ਸੰਸਾਰ ਵਿੱਚ ਰਹਿੰਦਿਆਂ ਪਰਮੇਸ਼ੁਰ ਦੇ ਰਾਜ ਦੇ ਸੰਬੰਧਾਂ ਨੂੰ ਸਮਝਣ ਲਈ ਸਾਨੂੰ ਵਾਪਿਸ ਅਰੰਭ ਵਿੱਚ ਜਾਣਾ ਪਵੇਗਾ? **ਉਤਪਤ 1:27-31** ਨੂੰ ਪੜ੍ਹੋ।

ਪਰਮੇਸ਼ੁਰ ਨੇ ਆਪਣੀ ਸਰਿਸ਼ਟੀ ਬਾਰੇ **ਕੀ** ਕਿਹਾ ਜਿਸ ਵਿੱਚ ਪੁਰਸ਼ ਅਤੇ ਇਸਤਰੀ ਸ਼ਾਮਲ ਸਨ?

ਸਭ ਕੁਝ ਬਹੁਤ ਚੰਗਾ ਸੀ।

ਪਰਮੇਸ਼ੁਰ ਨੇ ਪੁਰਸ਼ ਨੂੰ **ਕਿਸ** ਦੇ ਸਰੂਪ ਵਿੱਚ ਸਿਰਜਿਆ ਸੀ?

ਪਰਮੇਸ਼ੁਰ ਦੇ ਆਪਣੇ ਸਰੂਪ ਵਿੱਚ।

ਪਰਮੇਸ਼ੁਰ ਨੇ ਇਸਤਰੀ ਨੂੰ **ਕਿਸ** ਦੇ ਸਰੂਪ ਵਿੱਚ ਸਿਰਜਿਆ ਸੀ?

ਪਰਮੇਸ਼ੁਰ ਦੇ ਆਪਣੇ ਸਰੂਪ ਵਿੱਚ।

ਪਰਮੇਸ਼ੁਰ ਨੇ **ਕਿਸ** ਨੂੰ ਬਰਾਬਰ ਅਸੀਸ ਦਿੱਤੀ?

ਪੁਰਸ਼ ਅਤੇ ਇਸਤਰੀ ਨੂੰ।

ਪਰਮੇਸ਼ੁਰ ਨੇ ਸਾਰੀ ਧਰਤੀ ਉੱਤੇ ਬਰਾਬਰ ਦਾ ਅਧਿਕਾਰ (ਹਕੂਮਤ ਕਰਨ ਦੀ ਤਾਕਤ) **ਕਿਸ** ਨੂੰ ਦਿੱਤੀ?

ਪੁਰਸ਼ ਅਤੇ ਇਸਤਰੀ ਨੂੰ।


**ਉਤਪਤ 2:18-20** ਨੂੰ ਪੜ੍ਹੋ।

ਇਨ੍ਹਾਂ ਆਇਤਾਂ ਵਿੱਚ ਪਰਮੇਸ਼ੁਰ ਇਸਤਰੀ ਨੂੰ ਪੁਰਸ਼ ਦਾ ਢੁਕਵਾਂ ਸਹਾਇਕ ਆਖਦਾ ਹੈ। ਇਸ ਦਾ ਅਰਥ ਅਜਿਹਾ ਸਾਥੀ ਹੈ ਜਿਹੜਾ ਉਸ ਦੇ ਨਾਲ ਰਹੇ, ਜਿਸ ਦਾ ਸਰੀਰ ਉਸ ਦੇ ਵਰਗਾ ਹੋਵੇ, ਪਰ ਫਿਰ ਵੀ ਉਸ ਤੋਂ ਭਿੰਨ ਹੋਵੇ। ਅਜਿਹਾ ਕੋਈ ਜੋ ਪੁਰਸ਼ ਦੇ ਬਰਾਬਰ ਹੋਵੇ ਅਤੇ ਉਹ ਆਪਸ ਵਿੱਚ ਮਿਲ ਕੇ ਇੱਕ ਹੋ ਸਕਣ। ਅਜਿਹਾ ਕੋਈ ਜੋ ਪਰਮੇਸ਼ੁਰ ਦੇ ਸਰੂਪ ਵਿੱਚ ਸਿਰਜੇ ਗਏ ਪੁਰਸ਼ ਨੂੰ ਸੰਪੂਰਨ ਵਿਅਕਤੀ ਬਣਾਵੇ।

ਪਰਮੇਸ਼ੁਰ ਦੇ ਵਚਨ ਦੇ ਪੁਰਾਣੇ ਨੇਮ ਵਿੱਚ ਸਹਾਇਕ ਸ਼ਬਦ ਦੀ ਵਰਤੋਂ ਆਮ ਤੌਰ 'ਤੇ ਪਰਮੇਸ਼ੁਰ ਦੇ ਲਈ ਕੀਤੀ ਗਈ ਹੈ, ਜਦ ਉਹ ਮਨੁੱਖਾਂ ਦੀ ਮਦਦ ਕਰਦਾ ਹੈ। ਪਰਮੇਸ਼ੁਰ ਦੇ ਵਚਨ ਦੇ ਨਵੇਂ ਨੇਮ ਵਿੱਚ ਯਿਸੂ ਆਪ ਪਰਮੇਸ਼ੁਰ ਦੇ ਆਤਮਾ ਜਾਂ ਹਜ਼ੂਰੀ ਨੂੰ ਸਾਡਾ ਸਹਾਇਕ ਆਖਦਾ ਹੈ।

**ਕੀ** ਪਰਮੇਸ਼ੁਰ ਨੇ ਪੁਰਸ਼ ਅਤੇ ਇਸਤਰੀ ਨੂੰ ਬਰਾਬਰ ਬਣਾਇਆ ਜਾਂ ਬਰਾਬਰ ਨਹੀਂ ਬਣਾਇਆ?

ਬਰਾਬਰ ਬਣਾਇਆ।



**ਭਲਿਆਈ ਲਈ ਸਿਰਜੇ**

ਪੁਰਸ਼ ਅਤੇ ਇਸਤਰੀ ਪਰਮੇਸ਼ੁਰ ਦੀ ਸਰਿਸ਼ਟੀ ਦੀ ਸਭ ਤੋਂ ਉੱਤਮ ਰਚਨਾ ਹਨ। ਮਨੁੱਖ (ਪੁਰਸ਼ ਅਤੇ ਇਸਤਰੀ) ਨੇ ਪਰਮੇਸ਼ੁਰ ਦਾ ਸਾਹ ਪ੍ਰਾਪਤ ਕੀਤਾ ਹੈ, ਬਰਾਬਰ ਪ੍ਰਾਪਤ ਕੀਤਾ ਹੈ, ਤਾਂ ਜੋ ਉਹ ਇੱਕ ਦੂਜੇ ਦੇ ਪੂਰਕ ਬਣ ਸਕਣ ਅਤੇ ਸਿਰਜਣਹਾਰ ਪਰਮੇਸ਼ੁਰ ਦੇ ਨਾਲ ਅਤੇ ਇੱਕ ਦੂਜੇ ਦੇ ਨਾਲ ਬਰਾਬਰੀ ਦਾ ਸੰਬੰਧ ਰੱਖ ਸਕਣ।

ਪੁਰਸ਼ ਅਤੇ ਇਸਤਰੀ **ਭਲਿਆਈ ਲਈ ਸਿਰਜੇ** ਗਏ ਸਨ ... ਬਰਾਬਰ।

**ਕੀ** ਅੱਜ ਸੰਸਾਰ ਸਿੱਧ ਹੈ?

ਨਹੀਂ।

ਪਰਮੇਸ਼ੁਰ ਦੇ ਸਿੱਧ ਸੰਸਾਰ ਨੂੰ ਕੁਝ ਹੋ ਗਿਆ। ਚੇਤੇ ਰੱਖੋ ਕਿ ਪਰਮੇਸ਼ੁਰ ਨੇ ਪੁਰਸ਼ ਅਤੇ ਇਸਤਰੀ ਨੂੰ ਸਾਰੀ ਧਰਤੀ ਉੱਤੇ ਅਧਿਕਾਰ ਦਿੱਤਾ ਸੀ ਅਤੇ ਪਰਮੇਸ਼ੁਰ ਦੇ ਸਿੱਧ ਸੰਸਾਰ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਦਿੱਤੀ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਇੱਕ ਜੇਤੂ ਜੀਵਨ ਜੀਉਣ ਲਈ ਸਭ ਕੁਝ ਦਿੱਤਾ ਸੀ।

ਪਰਮੇਸ਼ੁਰ ਨੇ ਪੁਰਸ਼ ਅਤੇ ਇਸਤਰੀ ਨੂੰ ਅਜ਼ਾਦ ਇੱਛਾ ਦਿੱਤੀ ਸੀ ਕਿ ਉਹ ਜੀਵਨ ਜਾਂ ਮੌਤ ਨੂੰ ਚੁਣਨ, ਕਿ ਉਹ ਪਰਮੇਸ਼ੁਰ ਦੀ ਬੁੱਧੀ ਅਤੇ ਜੀਵਨ ਦੇ ਦਰਖ਼ਤ ਵਿੱਚੋਂ ਪ੍ਰਾਪਤ ਕਰਨ ਨੂੰ ਚੁਣਨ, ਜਾਂ ਫਿਰ ਦੁਸ਼ਟ ਦੇ ਧੋਖੇ ਅਤੇ ਭਲੇ ਤੇ ਬੁਰੇ ਦੇ ਗਿਆਨ ਦੇ ਦਰਖ਼ਤ ਵਿੱਚੋਂ ਪ੍ਰਾਪਤ ਕਰਨ ਨੂੰ ਚੁਣਨ।

ਪਰਮੇਸ਼ੁਰ ਨੇ ਮਨੁੱਖ (ਪੁਰਸ਼ ਅਤੇ ਇਸਤਰੀ ਦੋਹਾਂ) ਨੂੰ **ਕੀ** ਚੋਣ ਦਿੱਤੀ ਸੀ? **ਉਤਪਤ 2:8-9** ਅਤੇ **ਉਤਪਤ 2:15-17** ਨੂੰ ਪੜ੍ਹੋ।

ਜੀਵਨ ਅਤੇ ਮੌਤ।

ਉਤਪਤ ਦੀ ਪੁਸਤਕ ਦੇ ਤੀਸਰੇ ਅਧਿਆਇ ਦੇ ਅੰਤ ਤੋਂ ਪਹਿਲਾਂ ਹੀ ਪਹਿਲੇ ਪੁਰਸ਼ ਅਤੇ ਇਸਤਰੀ ਨੇ ਪਰਮੇਸ਼ੁਰ ਦੀ ਬੁੱਧੀ ਅਤੇ ਜੀਵਨ ਦੇ ਦਰਖ਼ਤ ਵਿੱਚੋਂ ਪ੍ਰਾਪਤ ਕਰਨ ਨੂੰ ਚੁਣਨ ਦੀ ਬਜਾਇ ਦੁਸ਼ਟ ਦੇ ਧੋਖੇ ਅਤੇ ਭਲੇ ਤੇ ਬੁਰੇ ਦੇ ਗਿਆਨ ਦੇ ਦਰਖ਼ਤ ਵਿੱਚੋਂ ਪ੍ਰਾਪਤ ਕਰਨ ਨੂੰ ਚੁਣ ਲਿਆ। ਉਨ੍ਹਾਂ ਦੋਹਾਂ ਨੇ ਜੀਵਨ ਅਤੇ ਭਰਪੂਰੀ ਵੱਲ ਲਿਜਾਣ ਵਾਲੇ ਭਰੋਸੇ ਅਤੇ ਨਜ਼ਦੀਕੀ ਦੇ ਸੰਬੰਧ ਨੂੰ ਅਤੇ ਪਰਮੇਸ਼ੁਰ ਦੀ ਬੁੱਧੀ ਵਿੱਚੋਂ ਪ੍ਰਾਪਤ ਕਰਨ ਨੂੰ ਚੁਣਨ ਦੀ ਬਜਾਇ ਮੌਤ ਅਤੇ ਬਰਬਾਦੀ ਵੱਲ ਲਿਜਾਣ ਵਾਲੇ ਬੇਇਤਬਾਰੀ ਅਤੇ ਦੂਰੀ ਵਾਲੇ ਸੰਬੰਧ ਨੂੰ ਅਤੇ ਪਰਮੇਸ਼ੁਰ ਦੀ ਬੁੱਧੀ ਨੂੰ ਰੱਦਣ ਨੂੰ ਚੁਣ ਲਿਆ। ਪੁਰਸ਼ ਅਤੇ ਇਸਤਰੀ ਇਸ ਸਿੱਧ ਸੰਸਾਰ ਵਿੱਚ ਮੌਤ ਅਤੇ ਬੁਰਿਆਈ ਨੂੰ ਲੈ ਆਏ। **ਉਤਪਤ 3:1-7** ਅਤੇ **ਉਤਪਤ 3:16-17** ਨੂੰ ਪੜ੍ਹੋ।

ਹੁਣ ਪੁਰਸ਼ ਅਤੇ ਇਸਤਰੀ ਵਿਚਕਾਰਲਾ ਸੰਬੰਧ **ਕਿਹੋ** ਜਿਹਾ ਹੈ, ਬਰਾਬਰੀ ਵਾਲਾ ਹੈ ਜਾਂ ਬਰਾਬਰੀ ਵਾਲਾ ਨਹੀਂ ਹੈ?

ਬਰਾਬਰੀ ਵਾਲਾ ਨਹੀਂ ਹੈ।

ਦੋਵੇਂ ਹੀ ਨਿਯੰਤ੍ਰਣ ਅਤੇ ਅਧਿਕਾਰ ਆਪਣੇ ਹੱਥ ਵਿੱਚ ਰੱਖਣ ਲਈ ਸੰਘਰਸ਼ ਕਰਦੇ ਰਹਿੰਦੇ ਹਨ। ਇਸਤਰੀ ਪੁਰਸ਼ ਨੂੰ ਆਪਣੇ ਕਾਬੂ ਵਿੱਚ ਰੱਖਣ ਦੀ ਚਾਹ ਰੱਖਦੀ ਹੈ ਅਤੇ ਪੁਰਸ਼ ਇਸਤਰੀ ਨੂੰ ਦਬਾ ਕੇ ਰੱਖਣ ਦਾ ਜਤਨ ਕਰਦਾ ਹੈ।

**ਉਤਪਤ 4:7** ਨੂੰ ਪੜ੍ਹੋ।

**ਉਤਪਤ 3:16-17** ਦੇ ਸੰਦਰਭ ਵਿੱਚ ਚਾਹ ਰੱਖਣ ਦਾ ਅਰਥ ਹੈ ਉਸ ਦੇ ਪਿੱਛੇ ਪਏ ਰਹਿਣਾ ਅਤੇ ਉਸ ਨੂੰ ਆਪਣੇ ਕਾਬੂ ਵਿੱਚ ਰੱਖਣ ਤੇ ਆਪਣੀ ਮਰਜ਼ੀ ਮਨਵਾਉਣ ਦਾ ਜਤਨ ਕਰਨਾ। **ਉਤਪਤ 3:16-17** ਦੇ ਸੰਦਰਭ ਵਿੱਚ ਹੁਕਮ ਚਲਾਉਣ ਦਾ ਅਰਥ ਹੈ ਉਸ ਨੂੰ ਦਬਾ ਕੇ ਰੱਖਣਾ ਅਤੇ ਸਤਾਉਣਾ।


ਹੁਣ ਬੁਰਿਆਈ ਨਾਲ ਨੁਕਸਾਨੀ ਹੋਈ ਇਸਤਰੀ ਪੁਰਸ਼ ਦੇ ਨਾਲ **ਕੀ** ਕਰਨਾ ਚਾਹੁੰਦੀ ਹੈ?

ਉਸ ਦੇ ਪਿੱਛੇ ਪਏ ਰਹਿਣਾ ਅਤੇ ਉਸ ਨੂੰ ਆਪਣੇ ਕਾਬੂ ਵਿੱਚ ਰੱਖਣ ਤੇ ਆਪਣੀ ਮਰਜ਼ੀ ਮਨਵਾਉਣ ਦਾ ਜਤਨ ਕਰਨਾ ਚਾਹੁੰਦੀ ਹੈ।

ਹੁਣ ਬੁਰਿਆਈ ਨਾਲ ਨੁਕਸਾਨਿਆ ਹੋਇਆ ਪੁਰਸ਼ ਇਸਤਰੀ ਦੇ ਨਾਲ **ਕੀ** ਕਰਨਾ ਚਾਹੁੰਦਾ ਹੈ?

ਉਸ ਨੂੰ ਦਬਾ ਕੇ ਰੱਖਣਾ ਅਤੇ ਸਤਾਉਣਾ ਚਾਹੁੰਦਾ ਹੈ।


ਪੁਰਸ਼ ਅਤੇ ਇਸਤਰੀ **ਬੁਰਿਆਈ ਨਾਲ ਨੁਕਸਾਨੇ** ਗਏ ਹਨ ... ਬਰਾਬਰ ਨਹੀਂ ਹਨ।



**ਬੁਰਿਆਈ ਨਾਲ ਨੁਕਸਾਨੇ**

ਪਰ ਕਹਾਣੀ ਇੱਥੇ ਹੀ ਸਮਾਪਤ ਨਹੀਂ ਹੋ ਜਾਂਦੀ। ਪਰਮੇਸ਼ੁਰ ਆਪਣੇ ਮਹਾਨ ਪ੍ਰੇਮ ਦੇ ਕਾਰਨ ਆਪਣੀ ਸਰਿਸ਼ਟੀ ਵਿੱਚ ਸਰੀਰ ਅਤੇ ਲਹੂ ਦੇ ਮਨੁੱਖ ਦੇ ਰੂਪ ਵਿੱਚ ਉੱਤਰ ਆਇਆ ਅਤੇ ਸਲੀਬ ਉੱਤੇ ਉਸ ਨੇ ਮਨੁੱਖ ਦੇ ਅਪਰਾਧ ਦੇ ਨਤੀਜੇ ਵਜੋਂ ਆਏ ਸਾਰੇ ਨੁਕਸਾਨ, ਰੋਗ, ਮੌਤ, ਅਤੇ ਬੁਰਿਆਈ ਨੂੰ ਆਪਣੇ ਉੱਤੇ ਚੁੱਕ ਲਿਆ, ਅਤੇ ਸਾਰੇ ਨੁਕਸਾਨ, ਰੋਗ, ਮੌਤ ਅਤੇ ਬੁਰਿਆਈ ਨੂੰ ਹਰਾ ਕੇ ਯਿਸੂ ਮ੍ਰਿਤਕਾਂ ਵਿੱਚੋਂ ਜੀਉਂਦਾ ਹੋ ਗਿਆ ਅਤੇ ਸਾਨੂੰ ਬਿਹਤਰੀ ਲਈ ਮੁੜ ਸਥਾਪਤ ਕਰ ਦਿੱਤਾ।

ਪੁਰਸ਼ ਅਤੇ ਇਸਤਰੀ **ਬਿਹਤਰੀ ਲਈ ਮੁੜ ਸਥਾਪਤ** ਕਰ ਦਿੱਤੇ ਗਏ ਹਨ ... ਬਰਾਬਰ ਹੋ ਗਏ ਹਨ।



**ਬਿਹਤਰੀ ਲਈ ਮੁੜ ਸਥਾਪਤ**

ਪਰ ਕਹਾਣੀ ਇੱਥੇ ਹੀ ਸਮਾਪਤ ਨਹੀਂ ਹੋ ਜਾਂਦੀ। ਪਰਮੇਸ਼ੁਰ ਆਪਣੇ ਮਹਾਨ ਪ੍ਰੇਮ ਦੇ ਕਾਰਨ ਸਾਨੂੰ ਆਪਣੀ ਸ਼ਕਤੀ ਅਤੇ ਅਧਿਕਾਰ ਦਿੰਦਾ ਹੈ, ਤਾਂ ਜੋ ਅਸੀਂ ਸਚਿਆਈ ਨੂੰ ਜਾਣ ਕੇ ਧੋਖੇ ਤੋਂ ਬਚੀਏ। ਸਾਨੂੰ ਇਖਤਿਆਰ ਦਿੱਤਾ ਗਿਆ ਹੈ ਕਿ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਅਸੀਂ ਉਸ ਦੁਸ਼ਟ ਦੇ ਝੂਠ ਨੂੰ ਰੱਦੀਏ ਅਤੇ ਆਪਣੀਆਂ ਸੁਆਰਥੀ ਚਾਹਤਾਂ ਉੱਤੇ ਜੇਤੂ ਹੋ ਕੇ ਜੀਵਨ ਬਤੀਤ ਕਰੀਏ।


ਜਦੋਂ ਅਸੀਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਨਿਯੰਤ੍ਰਣ ਕਰਨ ਅਤੇ ਹੁਕਮ ਚਲਾਉਣ ਦੀ ਆਪਣੀ ਚਾਹਤ ਨੂੰ ਪਿਤਾ ਦੀ ਇੱਛਾ ਦੇ ਅੱਗੇ ਸਮਰਪਿਤ ਕਰ ਦਿੰਦੇ ਹਾਂ ਅਤੇ ਯਿਸੂ ਦੇ ਸਰੀਰ ਅਤੇ ਲਹੂ ਬਣਨ, ਮਰਨ, ਜੀ ਉੱਠਣ ਅਤੇ ਸੁਰਗ ਵਿੱਚ ਚਲੇ ਜਾਣ ਦੇ ਦੁਆਰਾ ਸਾਨੂੰ ਜੋ ਕੁਝ ਦਿੱਤਾ ਗਿਆ ਹੈ ਉਸ ਨੂੰ ਪ੍ਰਾਪਤ ਕਰਦੇ ਰਹਿੰਦੇ ਹਾਂ, ਤਾਂ ਸਾਡੇ ਉੱਤੇ ਪਾਪ ਦੀ ਤਾਕਤ ਟੁੱਟ ਜਾਂਦੀ ਹੈ। ਅਸੀਂ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਸੱਚੀ ਜਿੱਤ ਦਾ ਜੀਵਨ ਜੀ ਸਕਦੇ ਹਾਂ।

ਪਰਮੇਸ਼ੁਰ ਆਪਣੇ ਮਹਾਨ ਪ੍ਰੇਮ ਦੇ ਕਾਰਨ ਸਾਰਾ ਕੁਝ ਮੁੜ ਸਥਾਪਤ ਕਰਨ ਅਤੇ ਚੰਗਿਆਈ ਲਿਆਉਣ ਦੀ ਆਪਣੀ ਯੋਜਨਾ ਵਿੱਚ ਸਾਨੂੰ ਵੀ ਸ਼ਾਮਲ ਕਰਦਾ ਹੈ। ਸੈਸ਼ਨ 15 ਅਤੇ 16 ਵਿੱਚ ਅਸੀਂ ਪਰਮੇਸ਼ੁਰ ਦੀ ਕਹਾਣੀ, ਬਾਈਬਲ, ਵਿੱਚੋਂ ਪਰਮੇਸ਼ੁਰ ਦੇ ਪ੍ਰੇਮ ਬਾਰੇ ਅਤੇ ਚੰਗਿਆਈ ਲਿਆਉਣ ਦੀ ਉਸ ਦੀ ਯੋਜਨਾ ਵਿੱਚ ਸਾਨੂੰ ਸ਼ਾਮਲ ਕੀਤੇ ਜਾਣ ਬਾਰੇ ਅਧਿਐਨ ਕਰਾਂਗੇ।

ਪੁਰਸ਼ ਅਤੇ ਇਸਤਰੀ ਨੂੰ **ਚੰਗਾ ਕਰਨ ਲਈ ਭੇਜਿਆ** ਗਿਆ ਹੈ ... ਬਰਾਬਰੀ ਵਿੱਚ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?



**ਚੰਗਾ ਕਰਨ ਲਈ ਭੇਜਿਆ**

# ਸੈਸ਼ਨ 15: ਸੰਬੰਧ - ਚੇਲਾਪਣ

*ਸਾਡੇ ਜੀਵਨ ਦੇ ਸਫ਼ਰ ਵਿੱਚ ਅਸੀਂ ਭਾਵੇਂ ਕਿਸੇ ਵੀ ਹਾਲਾਤ ਵਿੱਚ ਹੋਈਏ, ਕਿਤੇ ਵੀ ਜਾਈਏ,*
*ਸਰਬਸ਼ਕਤੀਮਾਨ ਪਰਮੇਸ਼ੁਰ ਹਮੇਸ਼ਾ ਸਾਡੇ ਨਾਲ ਰਹਿੰਦਾ ਹੈ ... ਸਾਡੇ ਨੇੜੇ, ਵਿਅਕਤੀਗਤ ਤੌਰ 'ਤੇ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਪਰਮੇਸ਼ੁਰ ਸਾਡੇ ਨਾਲ ਹੈ।

## ਬਾਈਬਲ ਅਧਿਐਨ

ਚੇਲੇਪਣ ਦਾ ਅਰੰਭ ਪਰਮੇਸ਼ੁਰ ਨੂੰ ਅਤੇ ਤੁਹਾਡੇ ਲਈ ਉਸ ਦੇ ਪ੍ਰੇਮ ਨੂੰ ਜਾਣਨ ਤੋਂ ਹੁੰਦਾ ਹੈ, ਅਤੇ ਇਹ ਜਾਣਨ ਤੋਂ ਹੁੰਦਾ ਹੈ ਕਿ ਉਹ ਕੌਣ ਹੈ, ਉਸ ਨੇ ਕੀ ਕੀਤਾ ਹੈ ਅਤੇ ਉਹ ਕੀ ਕਰੇਗਾ। ਉਸ ਦੀ ਹਜ਼ੂਰੀ ਵਿੱਚ ਉਸ ਦੇ ਵਚਨ ਨੂੰ ਸੁਣਦਿਆਂ ਜਾਂ ਪੜ੍ਹਦਿਆਂ, ਅਰਾਧਨਾ ਵਿੱਚ, ਪ੍ਰਾਰਥਨਾ ਵਿੱਚ ਅਤੇ ਹੋਰਨਾਂ ਵਿਸ਼ਵਾਸੀਆਂ ਦੀ ਸੰਗਤੀ ਵਿੱਚ ਸਮਾਂ ਬਿਤਾਉਣ ਨਾਲ ਤੁਹਾਨੂੰ ਪਰਮੇਸ਼ੁਰ ਨੂੰ ਜਾਣਨ ਵਿੱਚ ਮਦਦ ਮਿਲਦੀ ਹੈ।

ਸਾਡੇ ਲਈ ਅਤੇ ਸਭਨਾਂ ਲਈ ਚੇਲਾਪਣ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਅਸੀਂ ਵੇਲ ਦੇ ਸੰਬੰਧ ਵਾਲੇ ਸੈਸ਼ਨ ਵਿੱਚ ਸਿੱਖਿਆ ਸੀ ਕਿ ਸਾਡੇ ਚਰਿੱਤਰ ਵਿੱਚ ਆਉਣ ਵਾਲਾ ਬਦਲਾਓ ਅਤੇ ਸਾਡਾ ਆਤਮਕ ਵਾਧਾ ਪਵਿੱਤਰ ਆਤਮਾ ਦਾ ਕੰਮ ਹੈ। ਪਰਮੇਸ਼ੁਰ ਨੂੰ ਜ਼ਰੂਰਤ ਨਹੀਂ ਹੈ ਕਿ ਉਹ ਆਪਣੇ ਆਪ ਨੂੰ ਲੋਕਾਂ ਦੇ ਸਾਹਮਣੇ ਪਰਗਟ ਕਰਨ ਲਈ ਸਾਡਾ ਇਸਤੇਮਾਲ ਕਰੇ, ਪਰ ਸਾਡੇ ਲਈ ਆਪਣੇ ਮਹਾਨ ਪ੍ਰੇਮ ਦੇ ਕਾਰਨ ਉਸ ਨੇ ਸਾਨੂੰ ਇਸ ਯੋਜਨਾ ਦਾ ਹਿੱਸਾ ਬਣਾਉਣ ਦੀ ਚੋਣ ਕੀਤੀ ਹੈ। ਇਸ ਤੋਂ ਪਹਿਲਾਂ ਕਿ ਲੋਕ ਪਰਮੇਸ਼ੁਰ ਨੂੰ, ਉਸ ਦੀ ਸਚਿਆਈ, ਪ੍ਰੇਮ, ਅਤੇ ਸ਼ਕਤੀ ਨੂੰ ਜਾਣਨ, ਉਨ੍ਹਾਂ ਨੂੰ ਪਰਮੇਸ਼ੁਰ ਬਾਰੇ ਸਿੱਖਣ ਦੀ ਲੋੜ ਹੈ।

ਅਸੀਂ **ਕਿਸ** ਦੇ ਚੇਲੇ ਹਾਂ?

ਯਿਸੂ ਦੇ।

ਸਾਰੀ ਸ਼ਕਤੀ ਅਤੇ ਅਧਿਕਾਰ **ਕਿਸ** ਦੇ ਕੋਲ ਹੈ? **ਮੱਤੀ 28:18-20** ਨੂੰ ਪੜ੍ਹੋ।

ਯਿਸੂ ਕੋਲ।

ਇਨ੍ਹਾਂ ਤਿੰਨ ਆਇਤਾਂ ਵਿੱਚ ਯਿਸੂ ਨੇ ਆਪਣੇ ਚੇਲਿਆਂ ਨੂੰ **ਕਿਹੜੇ** ਚਾਰ ਕੰਮ ਕਰਨ ਲਈ ਦਿੱਤੇ ਹਨ?

1: ਜਾਓ 2: ਬਪਤਿਸਮਾ ਦਿਓ 3: ਸਿਖਾਓ 4: ਚੇਲੇ ਬਣਾਓ

1: ਜਾਓ

ਇਸ ਸੰਦਰਭ ਵਿੱਚ ਜਾਣ ਦਾ ਅਰਥ ਇਹ ਹੈ ਕਿ ਜਦ ਅਸੀਂ ਆਪਣੇ ਜੀਵਨ ਦੇ ਸਫ਼ਰ ਵਿੱਚ ਅਗਾਂਹ ਵਧ ਰਹੇ ਹਾਂ (ਭਾਵੇਂ ਅਸੀਂ ਕਿਸੇ ਵੀ ਹਾਲਾਤ ਵਿੱਚ ਹੋਈਏ), ਜਦ ਅਸੀਂ ਇੱਕ ਥਾਂ ਤੋਂ ਦੂਜੇ ਥਾਂ 'ਤੇ ਜਾਂਦੇ ਹਾਂ (ਭਾਵੇਂ ਅਸੀਂ ਕਿਸੇ ਵੀ ਖੇਤਰ ਵਿੱਚ ਹੋਈਏ), ਉਸ ਹਾਲਾਤ ਉੱਤੇ ਅਤੇ ਹਰੇਕ ਖੇਤਰ ਉੱਤੇ ਯਿਸੂ ਨੂੰ ਸਾਰੀ ਸ਼ਕਤੀ ਅਤੇ ਸਾਰਾ ਅਧਿਕਾਰ ਮਿਲਿਆ ਹੋਇਆ ਹੈ। ਅਸੀਂ ਸਾਰੇ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਉਸ ਦੇ ਨਾਲ ਚਲਦਿਆਂ ਭਾਵੇਂ ਕਿਤੇ ਵੀ ਹੋਈਏ, ਉਹ ਆਪਣੇ ਹਰੇਕ ਚੇਲੇ ਦੇ ਅੰਦਰ ਆਪਣੇ ਆਤਮਾ ਦੇ ਰਾਹੀਂ ਉਨ੍ਹਾਂ ਦੇ ਸੰਗ ਨਜ਼ਦੀਕੀ ਨਾਲ ਅਤੇ ਵਿਅਕਤੀਗਤ ਤੌਰ 'ਤੇ ਰਹਿੰਦਾ ਹੈ।

2: ਬਪਤਿਸਮਾ ਦਿਓ

ਇਸ ਸੰਦਰਭ ਵਿੱਚ ਬਪਤਿਸਮਾ ਦੇਣ ਦਾ ਅਰਥ ਸ਼ੁੱਧੀਕਰਨ ਦੇ ਲਈ, ਯਿਸੂ ਅਤੇ ਉਸ ਦੀ ਪਛਾਣ ਦੇ ਨਾਲ ਇੱਕ ਹੋ ਜਾਣ ਦੇ ਲਈ ਪਾਣੀ ਵਿੱਚ ਡੁਬਕੀ ਲਗਾਉਣਾ ਜਾਂ ਬਾਰ-ਬਾਰ ਡੁਬਾਉਣਾ ਹੁੰਦਾ ਹੈ। ਉਸ ਦੀ ਮੌਤ ਅਤੇ ਜੀ ਉੱਠਣ ਦੇ ਨਾਲ ਇੱਕ ਹੋ ਜਾਣਾ। ਯਿਸੂ ਨੂੰ ਕਬੂਲ ਕਰਨ ਦਾ ਅਰਥ ਉਸ ਦੀ ਪਛਾਣ ਨੂੰ, ਉਸ ਦੇ ਆਤਮਾ ਨੂੰ ਅਤੇ ਪਿਤਾ ਨੂੰ ਪ੍ਰਾਪਤ ਕਰਨਾ ਹੈ। ਉਸ ਦੇ ਵਿੱਚ ਪੂਰੀ ਤਰ੍ਹਾਂ ਡੁੱਬ ਜਾਣ ਦਾ ਅਰਥ ਉਸ ਦੀ ਸ਼ਕਤੀ ਅਤੇ ਅਧਿਕਾਰ ਨੂੰ ਪ੍ਰਾਪਤ ਕਰਨਾ ਹੈ ਅਤੇ ਮੌਜੂਦਾ ਸਮੇਂ ਵਿੱਚ ਤੇ ਭਵਿੱਖ ਵਿੱਚ ਉਸ ਦੇ ਆਤਮਾ ਦੇ ਦੁਆਰਾ ਪੱਕੇ ਤੌਰ 'ਤੇ ਸਕਾਰਾਤਮਕ ਬਦਲਾਓ ਲਈ ਆਪਣੇ ਹਿਰਦੇ ਅਤੇ ਮਨ ਵਿੱਚ ਪੂਰੀ ਤਰ੍ਹਾਂ ਸਮਰਪਿਤ ਹੋ ਜਾਣਾ ਹੈ।

3: ਸਿਖਾਓ

ਪ੍ਰਭਾਵਸ਼ਾਲੀ ਸਿੱਖਿਆ ਦਾ ਅਰਥ ਦੂਜਿਆਂ ਨੂੰ ਯਿਸੂ ਵਰਗਾ ਬਣਨਾ ਸਿੱਖਣ ਦੇ, ਉਸ ਦੇ ਨਾਲ ਉਨ੍ਹਾਂ ਦੇ ਸੰਬੰਧ ਵਿੱਚ ਵਧਣ ਦੇ, ਅਤੇ ਦੂਜਿਆਂ ਨੂੰ ਸਿਖਾਉਣ ਦੇ ਕਾਬਲ ਬਣਾਉਣਾ ਹੈ। ਸਿਖਾਉਣ ਦਾ ਅਰਥ ਲੋਕਾਂ ਨੂੰ ਇਹ ਦਿਖਾਉਣਾ ਨਹੀਂ ਹੈ ਕਿ ਅਸੀਂ ਕਿੰਨਾ ਜਾਣਦੇ ਹਾਂ ਜਾਂ ਇਹ ਸਾਬਿਤ ਕਰਨਾ ਨਹੀਂ ਹੈ ਕਿ ਅਸੀਂ ਸਹੀ ਹਾਂ। ਯਿਸੂ ਦੇ ਚੇਲੇ ਬਣਾਉਣ ਦੇ ਸੰਬੰਧ ਵਿੱਚ ਸਿਖਾਉਣ ਦਾ ਅਰਥ ਹਰੇਕ ਕੌਮ ਦੇ ਲੋਕਾਂ ਨੂੰ, ਪੁਰਸ਼ ਅਤੇ ਇਸਤਰੀਆਂ ਨੂੰ (ਬਰਾਬਰੀ ਦੇ ਨਾਲ), ਵੱਡਿਆਂ ਅਤੇ ਬੱਚਿਆਂ ਨੂੰ (ਬਰਾਬਰੀ ਦੇ ਨਾਲ) ਇਹ ਸਿਖਾਉਣਾ ਹੈ ਕਿ ਉਹ ਪਰਮੇਸ਼ੁਰ ਵਿੱਚ ਡੁੱਬ ਜਾਣ ਅਤੇ ਪੂਰੀ ਤਰ੍ਹਾਂ ਉਸ ਦੇ ਵਫ਼ਾਦਾਰ ਹੋ ਜਾਣ।

4: ਚੇਲੇ ਬਣਾਓ

ਇਸ ਸੰਦਰਭ ਵਿੱਚ 'ਚੇਲੇ ਬਣਾਉਣਾ' ਮੁੱਖ ਕੰਮ ਹੈ। ਅਸੀਂ ਲੋਕਾਂ ਨੂੰ ਬਪਤਿਸਮਾ ਦੇਣ ਦੇ ਦੁਆਰਾ ਚੇਲੇ ਬਣਾਉਂਦੇ ਹਾਂ, ਜਿਸ ਦਾ ਅਰਥ ਹੈ ਉਸ ਵਿੱਚ ਡੁੱਬ ਜਾਣਾ, ਉਨ੍ਹਾਂ ਨੂੰ ਉਸ ਦੀ ਸਚਿਆਈ ਦੇ ਜ਼ਿੰਮੇਵਾਰ ਰਖਵਾਲੇ ਅਤੇ ਉਸ ਦੇ ਮਿਸ਼ਨ ਵਿੱਚ ਭਾਈਵਾਲ ਬਣਨਾ ਸਿਖਾਉਣਾ।

ਪਰਮੇਸ਼ੁਰ ਦੀ ਯੋਜਨਾ ਨੂੰ ਪੂਰਾ ਕਰਨ ਦਾ ਪਰਮੇਸ਼ੁਰ ਦਾ ਤਰੀਕਾ ਇਹ ਹੈ ਕਿ ਲੋਕਾਂ ਨੂੰ ਯਿਸੂ ਦੇ ਚੇਲੇ ਬਣਾਇਆ ਜਾਵੇ (**ਅਫ਼ਸੀਆਂ 1:9-10**)। ਚੇਲੇ ਬਣਾਉਣ ਦਾ ਕੰਮ ਦਰਅਸਲ ਪਵਿੱਤਰ ਆਤਮਾ ਦਾ ਕੰਮ ਹੈ, ਜਿਸ ਨੂੰ ਉਹ ਯਿਸੂ ਦੇ ਚੇਲਿਆਂ ਵਿੱਚ ਅਤੇ ਉਨ੍ਹਾਂ ਦੇ ਦੁਆਰਾ ਪੂਰਾ ਕਰਦਾ ਹੈ। ਪਰਮੇਸ਼ੁਰ ਨੇ ਆਪਣੀ ਯੋਜਨਾ ਨੂੰ ਸਾਡੇ ਉੱਤੇ, ਅਰਥਾਤ ਯਿਸੂ ਦੇ ਚੇਲਿਆਂ ਉੱਤੇ ਪਰਗਟ ਕੀਤਾ ਹੈ, ਅਤੇ ਸਾਡੇ ਲਈ ਉਸ ਦੇ ਮਹਾਨ ਪ੍ਰੇਮ ਦੇ ਕਾਰਨ ਉਸ ਨੇ ਸਾਨੂੰ ਸਾਰਿਆਂ ਨੂੰ ਆਪਣੀ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਹੈ।

ਜਦ ਅਸੀਂ ਯਿਸੂ ਬਾਰੇ *ਸਿੱਖਦੇ* ਹਾਂ, ਉਸ ਦੇ ਨਾਲ ਸਾਡੇ ਸੰਬੰਧ ਵਿੱਚ ਉਸ ਨੂੰ ਰੋਜ਼ਾਨਾ ਵਧ ਤੋਂ ਵਧ *ਜਾਣਦੇ* ਹਾਂ ਅਤੇ ਉਨ੍ਹਾਂ ਨੂੰ ਜਾਣਦੇ ਹਾਂ ਜਿਨ੍ਹਾਂ ਦੇ ਨਾਲ ਅਸੀਂ ਆਪਣੇ ਜੀਵਨ ਦੇ ਸਫ਼ਰ ਵਿੱਚ ਅਗਾਂਹ ਵਧ ਰਹੇ ਹਾਂ, ਜਦ ਯਿਸੂ ਆਪਣੇ ਆਪ ਨੂੰ ਸਾਡੇ ਨਾਲ ਵੰਡਦਾ ਜਾਂਦਾ ਹੈ, ਅਸੀਂ ਯਿਸੂ ਬਾਰੇ ਦੂਜਿਆਂ ਨੂੰ *ਦੱਸਦੇ* ਜਾਂਦੇ ਹਾਂ, ਜਦ ਅਸੀਂ ਯਿਸੂ ਨੂੰ ਸਾਡੇ ਵਿੱਚ ਸੇਵਾ ਕਰਨ ਦਿੰਦੇ ਹਾਂ, ਤਾਂ ਅਸੀਂ ਲੋਕਾਂ ਦੀ *ਸੇਵਾ* ਕਰਨ ਦੇ ਦੁਆਰਾ ਯਿਸੂ ਦੀ ਸੇਵਾ ਕਰਦੇ ਜਾਂਦੇ ਹਾਂ, ਅਤੇ ਇਸ ਤਰ੍ਹਾਂ ਉਸ ਦੇ ਆਤਮਾ ਦੇ ਰਾਹੀਂ ਉਸ ਦੇ ਨਾਮ ਵਿੱਚ ਪਰਮੇਸ਼ੁਰ ਦੀ ਯੋਜਨਾ ਪੂਰੀ ਹੁੰਦੀ ਜਾਂਦੀ ਹੈ।




ਹਰੇਕ ਚੇਲੇ ਦੇ ਅੰਦਰ ਪਵਿੱਤਰ ਆਤਮਾ ਵੱਸਦਾ ਹੈ, ਜੋ ਯਿਸੂ ਦਾ ਗਵਾਹ ਹੈ। ਤੁਹਾਡੀ ਗਵਾਹੀ ਇਹ ਹੈ ਕਿ ਤੁਹਾਡੇ ਅੰਦਰ ਬਦਲਾਓ ਲਿਆਉਣ ਵਾਲੀ ਯਿਸੂ ਦੀ ਸ਼ਕਤੀ ਦੇ ਦੁਆਰਾ ਤੁਸੀਂ ਉਹੋ ਜਿਹਾ ਵਿਅਕਤੀ ਬਣੋ ਜਿਹੋ ਜਿਹਾ ਬਣਨ ਲਈ ਪਰਮੇਸ਼ੁਰ ਨੇ ਤੁਹਾਨੂੰ ਰਚਿਆ ਹੈ।

## ਗਵਾਹੀ

ਯਿਸੂ ਦਾ ਚੇਲਾ ਬਣਨ ਤੋਂ ਪਹਿਲਾਂ ਤੁਸੀਂ **ਕਿਹੋ** ਜਿਹੇ ਵਿਅਕਤੀ ਸੀ?

ਯਿਸੂ ਦਾ ਚੇਲਾ ਬਣਨ ਤੋਂ ਬਾਅਦ ਤੁਸੀਂ **ਕਿਹੋ** ਜਿਹੇ ਵਿਅਕਤੀ ਬਣ ਗਏ ਹੋ, ਜੋ ਯਿਸੂ ਦੁਆਰਾ ਲਿਆਂਦੇ ਹੋਏ ਬਦਲਾਓ ਨੂੰ ਦਰਸਾਉਂਦਾ ਹੈ?

ਜਦ ਤੁਸੀਂ ਯਿਸੂ ਨੂੰ ਕਬੂਲ ਕਰਨ ਅਤੇ ਉਸ ਦਾ ਚੇਲਾ ਬਣਨ ਦਾ ਫੈਸਲਾ ਲਿਆ, ਤਾਂ ਉਸ ਵੇਲੇ ਤੁਹਾਡੇ ਜੀਵਨ ਦੇ ਹਾਲਾਤ **ਕੀ** ਸਨ?

ਉਹ ਸਭ ਤੋਂ ਮਹੱਤਵਪੂਰਨ ਗੱਲ **ਕਿਹੜੀ** ਸੀ ਜਿਸ ਦੇ ਕਾਰਨ ਤੁਸੀਂ ਯਿਸੂ ਨੂੰ ਕਬੂਲ ਕਰਨ ਅਤੇ ਉਸ ਦਾ ਚੇਲਾ ਬਣਨ ਦਾ ਫੈਸਲਾ ਲਿਆ?

ਮੌਜੂਦਾ ਸਮੇਂ ਵਿੱਚ ਅਤੇ ਭਵਿੱਖ ਵਿੱਚ ਤੁਹਾਡੇ ਜੀਵਨ ਵਿਚਲਾ ਸਭ ਤੋਂ ਮਹੱਤਵਪੂਰਨ ਬਦਲਾਓ **ਕੀ** ਹੋਇਆ ਹੈ?

ਹਰੇਕ ਵਿਅਕਤੀ, ਇੱਕ-ਇੱਕ ਕਰਕੇ ਆਪਣੀ ਗਵਾਹੀ ਦੱਸੇ (ਹਰੇਕ ਵਿਅਕਤੀ ਦੋ ਮਿੰਟ ਤੋਂ ਘੱਟ ਦਾ ਸਮਾਂ ਲਵੇ) ਅਤੇ ਇਸ ਤਰ੍ਹਾਂ ਦੱਸੇ ਕਿ ਉਹ ਕਿਸੇ ਗੈਰ-ਮਸੀਹੀ ਵਿਅਕਤੀ ਨੂੰ ਆਪਣੀ ਗਵਾਹੀ ਦੇ ਰਿਹਾ ਹੈ। ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਬਚੋ ਜਿਨ੍ਹਾਂ ਨੂੰ ਸਿਰਫ ਮਸੀਹੀ ਲੋਕ ਹੀ ਸਮਝ ਸਕਦੇ ਹਨ, ਜਿਵੇਂ ਕਿ ਧਾਰਮਿਕਤਾ ਅਤੇ ਮੁਕਤੀ, ਸਗੋਂ ਸਮਝਾਓ ਕਿ ਤੁਹਾਡੇ ਲਈ ਤੁਹਾਡੇ ਜੀਵਨ ਵਿੱਚ ਮੁਕਤੀ ਦਾ ਕੀ ਮਹੱਤਵ ਹੈ।

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

# ਸੈਸ਼ਨ 16: ਸੰਬੰਧ – ਪਰਮੇਸ਼ੁਰ ਦਾ ਰਾਜ

*ਅਸੀਂ ਜਿਸ ਦੀ ਅਰਾਧਨਾ ਕਰਦੇ ਹਾਂ, ਅਸੀਂ ਉਸੇ ਵਰਗੇ ਬਣ ਜਾਂਦੇ ਹਾਂ।*

## ਅਰੰਭਕ ਪ੍ਰਾਰਥਨਾ

ਕਿਸੇ ਨੂੰ ਕਹੋ ਕਿ ਸੈਸ਼ਨ ਦਾ ਅਰੰਭ ਕਰਨ ਲਈ ਪ੍ਰਾਰਥਨਾ ਕਰੇ।

## ਅਰਾਧਨਾ

ਸਾਰਾ ਸਮੂਹ ਮਿਲ ਕੇ ਅਰਾਧਨਾ ਦੇ ਦੋ ਜਾਂ ਤਿੰਨ ਅਜਿਹੇ ਗੀਤ ਚੁਣੋ ਅਤੇ ਗਾਓ, ਜਿਹੜੇ ਐਲਾਨ ਕਰਦੇ ਹਨ ਕਿ ਯਿਸੂ ਰਾਜਾ ਹੈ।

ਚੇਤੇ ਰੱਖੋ ਕਿ ਇਸ ਸਫ਼ਰ ਦੇ ਅਰੰਭ ਵਿੱਚ ਅਸੀਂ ਸਿੱਖਿਆ ਸੀ ਕਿ ਪਰਮੇਸ਼ੁਰ ਆਪਣੇ ਆਪ ਨੂੰ ਅਤੇ ਆਪਣੀ ਯੋਜਨਾ ਨੂੰ ਸਾਡੇ ’ਤੇ ਪਰਗਟ ਕਰਨਾ ਚਾਹੁੰਦਾ ਹੈ, ਅਤੇ ਉਸ ਦੀ ਯੋਜਨਾ ਇਹ ਹੈ ਕਿ ਉਹ ਸੁਰਗ ਵਿਚਲੀਆਂ ਅਤੇ ਧਰਤੀ ਉਤਲੀਆਂ ਸਭਨਾਂ ਵਸਤਾਂ ਨੂੰ ਮਸੀਹ ਯਿਸੂ ਵਿੱਚ ਇੱਕ ਕਰੇ।

## ਸ਼ਬਦ ਅਧਿਐਨ

*ਰਾਜ* ਦਾ ਅਰਥ ਕਿਸੇ ਰਾਜ ਉੱਤੇ ਹਕੂਮਤ ਕਰਨ ਦਾ ਅਧਿਕਾਰ ਜਾਂ ਹੱਕ ਜਾਂ ਸ਼ਕਤੀ ਅਤੇ ਉਸ ਅਧਿਕਾਰ ਜਾਂ ਹੱਕ ਦੇ ਹੇਠ ਆਉਣ ਵਾਲਾ ਖੇਤਰ ਜਾਂ ਪ੍ਰਾਂਤ ਵੀ ਹੁੰਦਾ ਹੈ।

*ਪਰਮੇਸ਼ੁਰ* ਦਾ ਅਰਥ ਪਰਮਾਤਮਾ ਹੈ, ਜਿਸ ਨੂੰ ਅਸੀਂ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਵਜੋਂ ਜਾਣਦੇ ਹਾਂ।

*ਪਰਮੇਸ਼ੁਰ ਦੇ ਰਾਜ* ਦਾ ਅਰਥ ਸੁਰਗ ਅਤੇ ਧਰਤੀ ਉੱਤੇ ਯਿਸੂ ਦੇ ਹਕੂਮਤ ਕਰਨ ਦਾ ਅਧਿਕਾਰ ਜਾਂ ਹੱਕ ਜਾਂ ਸ਼ਕਤੀ ਹੈ। ਪਰਮੇਸ਼ੁਰ ਦੇ ਰਾਜ ਦਾ ਬਾਦਸ਼ਾਹ ਯਿਸੂ ਹੈ। ਸੈਸ਼ਨ 10 *ਆਤਮਾ ਤੋਂ ਜੰਮੇ* ਵਿੱਚ ਅਸੀਂ ਸਿੱਖਿਆ ਸੀ ਕਿ *ਪਰਮੇਸ਼ੁਰ ਦੇ ਰਾਜ* ਵਿੱਚ ਪ੍ਰਵੇਸ਼ ਕਰਨ ਲਈ ਸਾਨੂੰ ਰਾਜਾ ਨੂੰ ਕਬੂਲ ਕਰਨਾ ਪਵੇਗਾ। ਯਿਸੂ ਮਸੀਹ ਦੀ ਸੇਵਾ ਅਤੇ ਸੁਨੇਹੇ ਨੂੰ ਅਤੇ ਉਸ ਦੇ ਚੰਗਿਆਈ ਲਿਆਉਣ ਵਾਲੇ ਕੰਮ ਵਿੱਚ ਉਸ ਦੇ ਚੇਲਿਆਂ ਦੀ ਭੂਮਿਕਾ ਨੂੰ ਸਮਝਣ ਲਈ ਪਰਮੇਸ਼ੁਰ ਦੇ ਰਾਜ ਦੀ ਤਸਵੀਰ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ।

## ਬਾਈਬਲ ਅਧਿਐਨ

**ਲੂਕਾ 4:43** ਅਤੇ **ਰਸੂਲਾਂ 1:1-4** ਨੂੰ ਪੜ੍ਹੋ।

ਯਿਸੂ ਨੇ ਪਰਮੇਸ਼ੁਰ ਦੇ ਰਾਜ ਬਾਰੇ ਪਰਚਾਰ ਕੀਤਾ ਅਤੇ ਸਿਖਾਇਆ, ਪਰਮੇਸ਼ੁਰ ਦੇ ਰਾਜ ਨੂੰ ਪਰਗਟ ਕੀਤਾ, ਅਤੇ ਪਰਮੇਸ਼ੁਰ ਦੇ ਰਾਜ ਦਾ ਬਾਦਸ਼ਾਹ ਹੈ।

ਯਿਸੂ ਦੇ ਅਨੁਸਾਰ ਉਸ ਦੇ ਸਰੀਰ ਅਤੇ ਲਹੂ ਨੂੰ ਧਾਰਨ ਕਰਨ ਦੇ ਦੁਆਰਾ **ਕੀ** ਪੂਰਾ ਹੋਇਆ ਸੀ? **ਲੂਕਾ 4:18-19** ਨੂੰ ਪੜ੍ਹੋ।

1: ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਈ ਗਈ।

2: ਟੁੱਟੇ ਦਿਲ ਵਾਲਿਆਂ ਨੂੰ ਚੰਗਿਆਈ ਮਿਲੀ।

3: ਬੰਦੀਆਂ ਨੂੰ ਛੁਟਕਾਰਾ ਮਿਲਿਆ।

4: ਅੰਨ੍ਹਿਆਂ ਨੂੰ ਦ੍ਰਿਸ਼ਟੀ ਮਿਲੀ।

5: ਕੁਚਲਿਆਂ ਹੋਇਆਂ ਨੂੰ ਅਜ਼ਾਦੀ ਮਿਲੀ।

6: ਇਹ ਐਲਾਨ ਹੋਇਆ ਕਿ ਇਨ੍ਹਾਂ ਸਭਨਾਂ ਗੱਲਾਂ ਦੇ ਅਰੰਭ ਹੋਣ ਲਈ ਪਰਮੇਸ਼ੁਰ ਵੱਲੋਂ ਮਿੱਥਿਆ ਗਿਆ ਸਮਾਂ ਆ ਪੁੱਜਾ ਹੈ।

ਪਰਮੇਸ਼ੁਰ ਦਾ ਰਾਜ ਯਿਸੂ ਮਸੀਹ ਵਿੱਚ ਧਰਤੀ ਉੱਤੇ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਆ ਗਿਆ ਹੈ।

ਯਿਸੂ ਨੇ ਯੂਹੰਨਾ ਨੂੰ ਪਰਮੇਸ਼ੁਰ ਦੇ ਰਾਜ / ਸੁਰਗ ਦੇ ਰਾਜ ਦੇ ਧਰਤੀ 'ਤੇ ਆਉਣ ਦਾ **ਕਿਹੜਾ** ਚਿੰਨ੍ਹ ਦੱਸਿਆ ਸੀ? **ਮੱਤੀ 11:3-5** ਨੂੰ ਪੜ੍ਹੋ।

1: ਅੰਨੇ ਸੁਜਾਖੇ ਹੁੰਦੇ ਹਨ

2: ਲੰਗੜੇ ਤੁਰਦੇ ਹਨ

3: ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ

4: ਬੋਲੇ ਸੁਣਦੇ ਹਨ

5: ਮੁਰਦੇ ਜੀਉਂਦੇ ਕੀਤੇ ਜਾਂਦੇ ਹਨ

6: ਗਰੀਬਾਂ ਨੂੰ ਖ਼ੁਸ਼ਖ਼ਬਰੀ ਸੁਣਾਈ ਜਾਂਦੀ ਹੈ

ਪੁਰਾਣੇ ਨੇਮ ਵਿੱਚ ਉਸ ਦਿਨ ਬਾਰੇ ਬਹੁਤ ਸਾਰੀਆਂ ਨਬੂਵਤਾਂ ਹਨ ਜਿਸ ਦਿਨ ਅੰਨੇ ਸੁਜਾਖੇ ਹੋਣਗੇ, ਲੰਗੜੇ ਤੁਰਨਗੇ, ਕੋੜ੍ਹੀ ਸ਼ੁੱਧ ਕੀਤੇ ਜਾਣਗੇ ਅਤੇ ਬੋਲੇ ਸੁਣਨਗੇ। ਇਹ ਸਿਰਫ ਆਤਮਕ ਚੰਗਿਆਈ ਦਾ ਹਵਾਲਾ ਨਹੀਂ ਹੈ। ਯਿਸੂ ਨੇ ਪਰਗਟ ਕੀਤਾ ਕਿ ਪਰਮੇਸ਼ੁਰ ਦਾ ਰਾਜ ਸੰਪੂਰਨ ਚੰਗਿਆਈ ਹੈ: ਆਤਮਕ, ਸਰੀਰਕ, ਅਤੇ ਮਾਨਸਿਕ। ਸੰਪੂਰਨ ਪੂਰਨਤਾ ਅਤੇ ਸ਼ਾਂਤੀ।

ਪਰਮੇਸ਼ੁਰ ਪਿਤਾ ਨੇ ਯਿਸੂ ਨੂੰ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਭੇਜਿਆ (ਜੋ ਕਿ ਦੁਸ਼ਟ ਦੇ ਪ੍ਰਭਾਵ ਹੇਠ ਅਤੇ ਮਨੁੱਖੀ ਹੁਕਮ ਅਤੇ ਨਿਯੰਤ੍ਰਣ ਹੇਠ ਹੈ), ਤਾਂ ਜੋ ਉਹ ਬੰਦੀਆਂ ਨੂੰ ਛੁਟਕਾਰਾ ਦੇਵੇ, ਟੁੱਟੇ ਦਿਲ ਵਾਲਿਆਂ ਨੂੰ ਚੰਗਾ ਕਰੇ, ਅਤੇ ਐਲਾਨ ਕਰੇ ਕਿ ਪਰਮੇਸ਼ੁਰ ਦਾ ਰਾਜ ਆ ਪੁੱਜਾ ਹੈ। ਜਿਹੜੇ ਲੋਕ ਯਿਸੂ ਦੇ ਸਰੀਰ ਅਤੇ ਲਹੂ ਦੇ ਬਲੀਦਾਨ ਨੂੰ ਕਬੂਲ ਕਰ ਲੈਂਦੇ ਹਨ, ਉਹ ਹਮੇਸ਼ਾ-ਹਮੇਸ਼ਾ ਲਈ ਬਚਾ ਲਏ ਜਾਂਦੇ ਹਨ। ਮੌਤ ਦੇ ਰਾਜ ਤੋਂ ਬਚਾ ਲਏ ਜਾਂਦੇ ਹਨ ਅਤੇ ਜੀਵਨ ਦੇ ਰਾਜ ਵਿੱਚ ਲਿਆਏ ਜਾਂਦੇ ਹਨ।

**ਮੱਤੀ 19:13-15** ਨੂੰ (**ਮਰਕੁਸ 10:13-16** ਅਤੇ **ਲੂਕਾ 18:15-17** ਨੂੰ ਵੀ) ਪੜ੍ਹੋ।

ਇਨ੍ਹਾਂ ਆਇਤਾਂ ਤੋਂ ਤੁਸੀਂ ਬੱਚਿਆਂ ਦੇ ਪ੍ਰਤੀ ਯਿਸੂ ਦੇ ਦ੍ਰਿਸ਼ਟੀਕੋਣ ਬਾਰੇ **ਕੀ** ਸਿੱਖਦੇ ਹੋ?

ਹਾਲਾਂਕਿ ਯਿਸੂ ਬੱਚਿਆਂ ਦੇ ਵਿਸ਼ਵਾਸ ਅਤੇ ਭਰੋਸੇ ਦੀ ਤੁਲਨਾ ਪਰਮੇਸ਼ੁਰ ਦੇ ਰਾਜ ਦੇ ਨਾਲ ਕਰ ਰਿਹਾ ਸੀ, ਪਰ ਫਿਰ ਵੀ ਯਿਸੂ ਦੁਆਰਾ ਰੁਕ ਕੇ ਬੱਚਿਆਂ ਨੂੰ ਅਸੀਸ ਦੇਣ ਦਾ ਕੰਮ ਬਹੁਤ ਸ਼ਕਤੀਸ਼ਾਲੀ ਹੈ ਅਤੇ ਇਸ ਘਟਨਾਕ੍ਰਮ ਨੂੰ ਤਿੰਨ ਇੰਜੀਲਾਂ ਵਿੱਚ ਦਰਜ ਕੀਤਾ ਗਿਆ ਹੈ। ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਦੇ ਉਸ ਸਮੇਂ ਦੀ ਵਿਚਾਰਧਾਰਾ ਵਿੱਚ ਬੱਚਿਆਂ ਨੂੰ ਸਿਆਣਿਆਂ ਨਾਲੋਂ ਘੱਟ ਮਹੱਤਵ ਵਾਲਾ ਮੰਨਿਆ ਜਾਂਦਾ ਸੀ। ਚੇਲੇ ਪਰਮੇਸ਼ੁਰ ਦੇ ਰਾਜ ਦੀ ਵਿਚਾਰਧਾਰਾ ਵਿੱਚ ਜੀਉਣ ਦੀ ਬਜਾਇ ਅਜੇ ਵੀ ਇਸ ਸੰਸਾਰ ਦੀ ਵਿਚਾਰਧਾਰਾ ਵਿੱਚ ਜੀ ਰਹੇ ਸਨ। ਯਿਸੂ ਨੇ ਆਪਣੇ ਕੰਮਾਂ ਦੇ ਦੁਆਰਾ ਆਪਣੇ ਚੇਲਿਆਂ ਨੂੰ ਸਿਖਾਇਆ ਅਤੇ ਦਰਸਾਇਆ ਕਿ ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਪਰਮੇਸ਼ੁਰ ਦਾ ਰਾਜ ਕਿਹੋ ਜਿਹਾ ਦਿਸਦਾ ਹੈ।

ਯਿਸੂ ਬੱਚਿਆਂ ਨੂੰ ਸਿਆਣਿਆਂ ਦੇ ਸੰਬੰਧ ਵਿੱਚ **ਕਿਵੇਂ** ਵੇਖਦਾ ਹੈ, ਬਰਾਬਰ ਜਾਂ ਬਰਾਬਰ ਨਹੀਂ?

ਬਰਾਬਰ ਵੇਖਦਾ ਹੈ।

## ਸਮੂਹਕ ਚਰਚਾ

ਸਮੂਹ ਵਿੱਚ ਚਰਚਾ ਕਰੋ ਕਿ ਤੁਹਾਡੇ ਅਨੁਸਾਰ ਪਰਮੇਸ਼ੁਰ ਦਾ ਰਾਜ ਕੀ ਹੈ।

1: ਪਰਮੇਸ਼ੁਰ ਅਤੇ ਲੋਕਾਂ (ਪੁਰਸ਼ਾਂ, ਇਸਤਰੀਆਂ, ਲੜਕਿਆਂ, ਲੜਕੀਆਂ) ਵਿਚਕਾਰ ਮੁੜ ਸਥਾਪਤ ਸੰਬੰਧ ... ਬਰਾਬਰ।

2: ਗਰੀਬ ਅਤੇ ਅਮੀਰ ਤਾਕਤਵਰ ਹਨ ... ਬਰਾਬਰ।

3: ਬਰਾਬਰੀ ਦੇ ਲੋਕਾਂ ਨਾਲ ਬਣਿਆ ਸਮਾਜ ਜਿਹੜਾ ਇੱਕ ਦੂਜੇ ਦੀ ਤਰੱਕੀ ਦੇ ਲਈ ਕੰਮ ਕਰਦਾ ਹੈ।

4: ਇਸ ਸਮਾਜ ਵਿੱਚ ਯਿਸੂ ਵਿੱਚ ਵਿਸ਼ਵਾਸ ਕਰਨ ਵਾਲੇ ਅਤੇ ਜੀਵਨ ਬਤੀਤ ਕਰਨ ਵਾਲੇ ਲੋਕ ਸ਼ਾਮਲ ਹਨ।

5: ਇਨਸਾਫ਼ ਅਤੇ ਸ਼ਾਂਤੀ ਭਰਿਆ ਸਮਾਜ।

6: ਸਚਿਆਈ ਅਤੇ ਪ੍ਰੇਮ ਨਾਲ ਬੰਦੀਆਂ ਨੂੰ ਅਜ਼ਾਦ ਕੀਤਾ ਗਿਆ।

7: ਇਮਾਨਦਾਰੀ ਦੀ ਵਿਚਾਰਧਾਰਾ ਨਾਲ ਭਰਿਆ ਸਭਿਆਚਾਰ।

ਪਰਮੇਸ਼ੁਰ ਦਾ ਰਾਜ ਯਿਸੂ ਵਿੱਚ ਪਰਗਟ ਹੁੰਦਾ ਹੈ।

ਯਿਸੂ ਨੇ ਆਪਣੇ ਆਤਮਾ ਦੇ ਦੁਆਰਾ, ਆਪਣੀ ਸ਼ਕਤੀ ਅਤੇ ਅਧਿਕਾਰ ਨਾਲ ਸਾਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਅਸੀਂ ਬੁਰਿਆਈ ਨਾਲ ਨੁਕਸਾਨੇ ਹੋਏ ਇਸ ਸੰਸਾਰ ਵਿੱਚ ਮੌਜੂਦ ਪਰਮੇਸ਼ੁਰ ਦੇ ਰਾਜ ਵਿੱਚ ਜੀਵਨ ਬਤੀਤ ਕਰੀਏ ਅਤੇ ਪਰਮੇਸ਼ੁਰ ਦੇ ਰਾਜ ਦੇ ਵਾਧੇ ਲਈ ਪਰਮੇਸ਼ੁਰ ਦੀ ਯੋਜਨਾ ਵਿੱਚ ਸ਼ਾਮਲ ਹੋਈਏ, ਤਾਂ ਜੋ ਸਾਡੇ ਪਿਤਾ ਪਰਮੇਸ਼ੁਰ ਨੂੰ ਮਹਿਮਾ ਮਿਲੇ।

ਅਸੀਂ ਸਾਡੇ ਲਈ ਪਰਮੇਸ਼ੁਰ ਦੇ ਪ੍ਰੇਮ ਨੂੰ ਜਿੰਨਾ ਵਧ ਜਾਣਾਂਗੇ, ਉਸ ਦੀ ਹਜ਼ੂਰੀ ਵਿੱਚ ਉਸ ਦੇ ਵਚਨ ਨੂੰ ਸੁਣਦਿਆਂ ਜਾਂ ਪੜ੍ਹਦਿਆਂ, ਅਰਾਧਨਾ ਵਿੱਚ, ਪ੍ਰਾਰਥਨਾ ਵਿੱਚ ਅਤੇ ਹੋਰਨਾਂ ਵਿਸ਼ਵਾਸੀਆਂ ਦੀ ਸੰਗਤੀ ਵਿੱਚ ਸਮਾਂ ਬਿਤਾਵਾਂਗੇ, ਯਿਸੂ ਤੋਂ ਪ੍ਰਾਪਤ ਕਰਾਂਗੇ, ਬੁਰਿਆਈ ਨਾਲ ਨੁਕਸਾਨੇ ਹੋਏ ਸੰਸਾਰ ਵਿੱਚ ਉਸ ਦੀ ਸੰਪੂਰਨ ਜਿੱਤ ਵਿੱਚ ਜੀਵਨ ਬਤੀਤ ਕਰਾਂਗੇ, ਉਸ ਦੇ ਮਹਾਨ ਪ੍ਰੇਮ ਦੀ ਗਵਾਹੀ ਦਿਆਂਗੇ ਅਤੇ ਚੇਲੇ ਬਣਾਵਾਂਗੇ, ਓਨਾ ਹੀ ਵਧ ਅਸੀਂ ਮੌਜੂਦਾ ਸਮੇਂ ਵਿੱਚ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਵਿੱਚ ਜੀਵਾਂਗੇ।

ਇਸ ਸੈਸ਼ਨ ਵਿੱਚੋਂ ਤੁਸੀਂ ਪਰਮੇਸ਼ੁਰ ਬਾਰੇ **ਕਿਹੜੀ** ਇੱਕ ਗੱਲ ਸਿੱਖੀ?

ਤੁਹਾਡਾ ਵਿਹਾਰਕ ਜਵਾਬ / ਪ੍ਰਾਰਥਨਾ **ਕੀ** ਹੈ?

## ਪ੍ਰਾਰਥਨਾ

**ਅਫ਼ਸੀਆਂ 3:14-21** *ਇਸ ਲਈ ਮੈਂ ਪ੍ਰਾਰਥਨਾ ਵਿੱਚ ਪਿਤਾ ਅੱਗੇ ਝੁਕਦਾ ਹਾਂ। ਧਰਤੀ ਅਤੇ ਸਵਰਗ ਉੱਤੇ ਹਰ ਪਰਿਵਾਰ ਆਪਣਾ ਅਸਲੀ ਨਾਮ ਉਸ ਤੋਂ ਪ੍ਰਾਪਤ ਕਰਦਾ ਹੈ। ਮੈਂ ਪਿਤਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਆਪਣੀ ਅਸੀਮ ਮਹਿਮਾ ਦੁਆਰਾ ਤੁਹਾਨੂੰ ਤੁਹਾਡੀ ਆਤਮਾ ਵਿੱਚ ਮਜ਼ਬੂਤ ਹੋਣ ਲਈ ਸ਼ਕਤੀ ਦੇਵੇ। ਉਹ ਤੁਹਾਨੂੰ ਇਹ ਤਾਕਤ ਆਪਣੇ ਆਤਮਾ ਰਾਹੀਂ ਦੇਵੇਗਾ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਹਾਡੇ ਵਿਸ਼ਵਾਸ ਰਾਹੀਂ ਮਸੀਹ ਤੁਹਾਡੇ ਦਿਲਾਂ ਵਿੱਚ ਰਹੇ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਹਾਡਾ ਜੀਵਨ ਜੋੜਿਆ ਜਾਵੇ ਅਤੇ ਪ੍ਰੇਮ ਉੱਪਰ ਉਸਾਰਿਆ ਜਾਵੇ ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਅਤੇ ਪਰਮੇਸ਼ੁਰ ਦੇ ਪਵਿੱਤਰ ਲੋਕ ਮਸੀਹ ਦੇ ਪ੍ਰੇਮ ਦੀ ਮਹਾਨਤਾ ਨੂੰ ਸਮਝ ਸਕਣ ਦੀ ਸ਼ਕਤੀ ਰੱਖੋ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਹ ਸਮਝ ਸਕੋ ਕਿ ਇਹ ਪਿਆਰ ਕਿੰਨਾ ਲੰਮਾ, ਕਿੰਨਾ ਵਿਸ਼ਾਲ ਕਿੰਨਾ ਉੱਚਾ ਅਤੇ ਕਿੰਨਾ ਗਹਿਰਾ ਹੈ। ਮਸੀਹ ਦਾ ਪ੍ਰੇਮ ਐਨਾ ਮਹਾਨ ਹੈ ਕਿ ਕੋਈ ਉਸ ਨੂੰ ਪੂਰੀ ਤਰ੍ਹਾਂ ਨਹੀਂ ਜਾਣ ਸਕਦਾ, ਪਰ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਸ ਪ੍ਰੇਮ ਨੂੰ ਜਾਣੋ, ਤਦ ਤੁਸੀਂ ਉਹ ਭਰਪੂਰੀ ਪ੍ਰਾਪਤ ਕਰੋਗੇ, ਜਿਹੜੀ ਪਰਮੇਸ਼ੁਰ ਨੇ ਤੁਹਾਡੇ ਲਈ ਰੱਖੀ ਹੈ।*

*ਸਾਡੇ ਅੰਦਰ ਕੰਮ ਕਰਨ ਵਾਲੀ ਪਰਮੇਸ਼ੁਰ ਦੀ ਸ਼ਕਤੀ ਦੇ ਦੁਆਰਾ ਪਰਮੇਸ਼ੁਰ ਸਾਡੀ ਸੋਚ ਜਾਂ ਮੰਗਣ ਤੋਂ ਕਿਤੇ ਵਧ ਕੰਮ ਕਰ ਸਕਦਾ ਹੈ। ਕਲੀਸਿਯਾ ਵਿੱਚ ਅਤੇ ਯਿਸੂ ਮਸੀਹ ਵਿੱਚ ਪਰਮੇਸ਼ੁਰ ਨੂੰ ਸਦਾ-ਸਦਾ ਮਹਿਮਾ ਮਿਲਦੀ ਰਹੇ। ਆਮੀਨ।* (ERV)

| ਮਹੱਤਵਹੀਣ | ਕੁਝ ਮਹੱਤਵ ਵਾਲਾ | ਬਹੁਤ ਮਹੱਤਵ ਵਾਲਾ |
|---|---|---|
| | | |